# ਸਾਖੀ

# ਭਾਈ ਰਾਣ ਸਿੰਘ ਜੀ

Sri Satguru Jagjit Singh Ji Elibrary NamdhariElibrary@gmail.com



# *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

## To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

ੴ

# ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

## ਸ੍ਰੀ ਸਤਿਗੁਰੂ ਅਮਰ ਦਾਸ ਜੀ ਲਿਖਦੇ ਹਨ

# ਦੀਵਾ ਬਲੈ ਅੰਧੇਰਾ ਜਾਇ

ਕਿਸੇ ਹਨੇਰੇ ਕਮਰੇ ਵਿਚ ਮਨੁੱਖ ਨੂੰ ਬਿਨਾਂ ਕਾਲੇ ਰੰਗ ਦੇ ਕੁਝ ਨਹੀ ਦਿੱਸਦਾ । ਉੱਥੇ ਐਵੇਂ ਹੀ ਡਰ ਪਿਆ ਲੱਗਦਾ ਹੈ । ਕਈ ਵਾਰੀ ਭੂਤ ਪ੍ਰੇਤ ਦਾ ਭੈ ਵੀ ਆਉਣ ਲੱਗ ਪੈਂਦਾ ਹੈ, ਕਈ ਵਾਰੀ ਕੋਈ ਠੋਕਰ ਵੀ ਲੱਗ ਜਾਂਦੀ ਹੈ, ਇਸੇ ਹਨੇਰੇ ਕਮਰੇ ਵਿਚ ਜੇ ਕੋਈ ਦੀਵਾ ਜਾਂ ਲੈਂਪ (Lamp) ਜਗਾਇਆ ਜਾਏ ਤਾਂ ਕਮਰੇ ਵਿਚ ਰੋਸ਼ਨੀ ਹੋ ਜਾਣ ਕਾਰਨ ਕਮਰੇ ਵਿਚ ਪਈ ਹੋਈ ਹਰ ਚੀਜ਼ ਦਿੱਸਣ ਲੱਗ ਪੈਂਦੀ ਹੈ । ਜਿੱਥੇ ਪਹਿਲੋਂ ਮਨੁੱਖ ਹਨੇਰੇ ਕਾਰਨ ਅੰਦਰ ਵੜਨ ਤੋਂ ਵੀ ਡਰਦਾ ਸੀ, ਉੱਥੇ ਹੁਣ ਰੋਸ਼ਨੀ ਹੋ ਜਾਣ ਕਾਰਨ ਕਮਰੇ ਵਿਚ ਪਈ ਹੋਈ ਹਰ ਚੀਜ਼ ਨੂੰ ਚੰਗੀ ਤਰਾਂ ਵੇਖਦਾ ਹੋਇਆ ਉਸ ਕੋਲੋਂ ਲਾਭ ਉਠਾਉਣ ਦਾ ਜਤਨ ਕਰਦਾ ਹੈ ।

ਅਵਿੱਦਿਆ ਵੀ ਇੱਕ ਹਨੇਰਾ ਹੈ । ਇਸ ਹਨੇਰੇ ਨੂੰ ਦੂਰ ਕਰਨ ਲਈ ਵਿੱਦਿਆ ਰੂਪੀ ਦੀਪਕ ਦੀ ਲੋੜ ਹੈ । ਜਿੱਥੇ ਵਿੱਦਿਆ ਹੀਨ ਆਦਮੀ ਵਹਿਮਾਂ ਭਰਮਾਂ ਵਿਚ ਫਸਿਆ ਰਹਿੰਦਾ ਹੈ, ਉੱਥੇ ਵਿੱਦਿਆਵਾਨ ਵਿੱਦਿਆ ਦੇ ਗੁਣ ਨਾਲ ਡਾਕਟਰ, ਜੱਜ, ਇੰਜਨੀਅਰ, ਡਿਪਟੀ ਕਮਿਸ਼ਨਰ ਜਾਂ ਚੰਗਾ ਵਪਾਰੀ ਬਣ ਕੇ ਦੇਸ਼ ਦੀ ਸੇਵਾ ਕਰਦਾ ਹੋਇਆ ਆਪਣਾ ਜੀਵਨ ਚੰਗੀ ਤਰਾਂ ਬਿਤਾਉਂਦਾ ਹੈ

ਸਿਆਣੇ ਆਦਮੀ ਕਹਿੰਦੇ ਹਨ :- "ਬਿਨਾਂ ਵਿੱਦਿਆ ਪਸ਼ ਪ੍ਰੇਤ" ਭਾਵ ਵਿੱਦਿਆ ਤੋਂ ਬਿਨਾਂ ਆਦਮੀ ਪਸ਼ੂ ਅਤੇ ਪ੍ਰੇਤ ਦੀ ਤਰ੍ਹਾਂ ਹੈ । ਇਹ ਵਿੱਦਿਆ ਦਾ ਹੀ ਚਮਤਕਾਰ ਹੈ ਕਿ ਇਕ ਨੰਗਾ ਧੜੰਗਾ ਰਹਿਣ ਵਾਲਾ ਅਤੇ ਦਰਖਤਾਂ ਦੇ ਪੱਤਿਆਂ ਉੱਤੇ ਆਪਣੀ ਜ਼ਿੰਦਗੀ ਗੁਜ਼ਾਰਨ ਵਾਲਾ ਮਨੁੱਖ ਅਜ ਸੁਹਣੇ ਸੁਹਣੇ ਕਪੜੇ ਪਹਿਨਣ ਵਾਲਾ ਛੱਤੀ ਪ੍ਰਕਾਰ ਦੇ ਭੋਜਨ ਖਾਣ ਵਾਲਾ ਅਤੇ ਏਅਰ ਕੰਡੀਸ਼ੰਡ ਕਮਰਿਆਂ ਵਿਚ ਰਹਿਣ ਵਾਲਾ ਬਣ ਗਿਆ ਹੈ । ਇਹ ਵਿੱਦਿਆ ਦੀ ਹੀ ਬਰਕਤ ਹੈ ਕਿ ਅਸੀਂ ਘਰ ਬੈਠਿਆਂ ਹੀ ਸਾਰੀ ਦੁਨੀਆਂ ਦੀਆਂ ਖਬਰਾਂ ਸੁਣ ਸਕਦੇ ਹਾਂ ਅਤੇ ਤਸਵੀਰਾਂ ਵੀ ਵੇਖ ਸਕਦੇ ਹਾਂ ਘਰ ਬੈਠਿਆਂ ਹੀ ਇੰਗਲੈਂਡ, ਅਮਰੀਕਾ, ਜਰਮਨੀ, ਜਾਪਾਨ ਆਦਿ ਦੇਸ਼ਾਂ ਦੇ ਲੋਕਾਂ ਨਾਲ ਗੱਲਾਂ ਕਰ ਸਕਦੇ ਹਾਂ

ਜਿਥੇ ਸਾਨੂੰ ਅਪਣੇ ਸਰੀਰਾਂ ਨੂੰ ਪਾਲਣ ਵਾਸਤੇ ਅਤੇ ਅਪਣੀ ਜ਼ਿੰਦਗੀ ਨੂੰ ਸੁਖੀ ਕਰਨ ਵਾਸਤੇ ਵਿਹਾਰਕ ਅਤੇ ਸਾਇੰਸ ਵਿੱਦਿਆ ਦੀ ਬਹੁਤ ਲੋੜ ਹੈ ਉੱਥੇ ਸਾਨੂੰ ਮਨ ਨੂੰ ਕੁਕਰਮਾਂ ਤੋਂ ਰੋਕਣ ਵਾਸਤੇ ਅਤੇ ਪਰਉਪਕਾਰ ਕਰਨ ਵਾਸਤੇ

Sri Satguru Jagjit Singh Ji Elibrary NamdhariElibrary@gmail.com

ਧਾਰਮਕ ਵਿੱਦਿਆ ਦੀ ਵੀ ਬਹੁਤ ਲੋੜ ਹੈ । ਸ੍ਰੀ ਕਬੀਰ ਜੀ ਲਿਖਦੇ ਹਨ :-

**ਮਨ ਸਮਝਾਵਨ ਕਾਰਨੇ ਕਛੂਅਕ ਪੜੀਐ ਗਿਆਨ** (ਪੰਨਾ ੩੪੦)

ਨਾਮ ਜਪਣ ਨਾਲ ਗੁਰੂ ਪਰਮੇਸ਼ਰ ਨਾਲ ਪਿਆਰ ਪੈਂਦਾ ਹੈ ਅਤੇ ਗੁਰਬਾਣੀ ਵਿਚਾਰਨ ਨਾਲ ਸਤਿ, ਸੰਤੋਖ, ਦਇਆ ਧਰਮ ਆਦਿ ਦੈਵੀ ਗੁਣਾਂ ਦੀ ਸਿੱਖਿਆ ਮਿਲਦੀ ਹੈ ।

ਇਹ ਗੱਲ ਯਾਦ ਰਖਣੀ ਚਾਹੀਦੀ ਹੈ ਕਿ ਵਿੱਦਿਆ ਪੜ੍ਹ ਕੇ ਇਹ ਨ ਸਮਝ ਲਈਏ ਕਿ

**ਹਮ ਬਡ ਕਬਿ, ਕੁਲੀਨ, ਪੰਡਿਤ, ਹਮ ਜੋਗੀ, ਸੰਨਿਆਸੀ, ਗਿਆਨੀ, ਗੁਨੀ, ਸੂਰ, ਹਮ ਦਾਤੇ ॥**

ਸਗੋਂ ਮਨ ਵਿਚ ਇਹ ਰਖੀਏ ਕਿ ਇਹ ਸਾਰੀ ਕਿਰਪਾ ਸ੍ਰੀ ਸਤਿਗੁਰੂ ਜੀ ਦੀ ਹੈ ।
ਜਿਸ ਨੇ ਕੁਝ ਕਿਤਾਬਾਂ ਤਾਂ ਪੜ੍ਹ ਲਈਆਂ ਅਤੇ ਪੜ੍ਹਾਈ ਦੇ ਹੰਕਾਰ ਵਿਚ ਮੱਤਾ ਫਿਰਿਆ ਤਾਂ ਫਿਰ

**ਅਖਰ ਪੜਿ ਪੜਿ ਭੁਲੀਐ ਭੇਖੀ ਬਹੁਤੁ ਅਭਿਮਾਨੁ ।**
**ਤੀਰਥ ਨਾਤਾ ਕਿਆ ਕਰੇ ਮਨ ਮਹਿ ਮੈਲੁ ਗੁਮਾਨੁ ।**

ਲਿਖਣ ਦਾ ਭਾਵ ਹੈ ਕਿ ਵਿੱਦਿਆ ਜ਼ਰੂਰ ਅਤੇ ਵੱਧ ਤੋਂ ਵੱਧ ਪੜ੍ਹੋ ਪਰ ਹੰਕਾਰ ਨ ਕਰੋ। ਜਿੱਥੇ ਹੰਕਾਰ ਹੈ ਉੱਥੇ ਵਿੱਦਿਆ ਨਹੀਂ ਅਤੇ ਜਿੱਥੇ ਵਿੱਦਿਆ ਹੈ ਉੱਥੇ ਹੰਕਾਰ ਨਹੀਂ ।

ਵਿੱਦਿਆ ਇਕ ਐਸਾ ਅਮੋਲਕ ਧਨ ਹੈ ਜਿਸ ਨੂੰ ਨ ਚੋਰੀ ਦਾ ਡਰ ਹੈ ਅਤੇ ਨ ਡਾਕੇ ਦਾ ਭੈ ਹੈ । ਇਸ ਵਿਚ ਇਹ ਸਿਫਤ ਹੈ ਕਿ ਜਿਉਂ ਜਿਉਂ ਇਸ ਨੂੰ ਵਰਤੋ ਅਤੇ ਵਰਤਾਓ ਤਿਉਂ ਤਿਉਂ ਇਹ ਵਧਦਾ ਹੀ ਜਾਂਦਾ ਹੈ । ਦੇਸ ਹੋਵੇ ਜਾਂ ਪਰਦੇਸ ਹੋਵੇ ਵਿੱਦਿਆ ਹਰ ਥਾਂ ਸਹਾਇਤਾ ਕਰਦੀ ਹੈ । ਸੰਤ ਧਿਆਨ ਸਿੰਘ ਜੀ ਲਿਖਦੇ ਹਨ :-

ਵਿਧਯਵਾਨ ਕੋ ਦੇਸ ਬਿਦੇਸ਼ ਮਿਲਤੇ ਸੁਖ ਹਮੇਸ਼ ਵਿਸ਼ੇਸ਼

ਸੰਤ ਜੀ ਅਗੇ ਜਾ ਕੇ ਲਿਖਦੇ ਹਨ :- ਕਹੇ ਰਾਮ ਜੋ ਦੂਰਹਿ ਦੂਰ ।
ਸੋ ਸਰੂਪ ਵਿਦਵਾਨ ਹਜੂਰ ।
ਜਲ ਤਰੰਗ ਕੋ ਭੇਦ ਵਧੇਰਾ ।
ਵਿਦਵਾਨ ਕੋ ਨੇਰਹੁ ਨੇਰਾ

ਸੰਤ ਜੀ ਵਿੱਦਿਆ ਦੀ ਸਿਫਤ ਕਰਦੇ ਹੋਏ ਲਿਖਦੇ ਹਨ ਕਿ ਜਿਸ ਰਾਮ ਨੂੰ ਕੋਈ ਕਿਤੇ ਮੰਨਦਾ ਅਤੇ ਕੋਈ ਕਿਤੇ, ਉਹ ਰਾਮ ਵਿਦਵਾਨ ਵਾਸਤੇ ਹਾਜ਼ਰ ਹਜ਼ੂਰ ਹੀ ਹੈ । ਜਲ ਅਤੇ ਤਰੰਗ ਦਾ ਭੇਦ ਭਾਵੇਂ ਜ਼ਿਆਦਾ ਮੰਨ ਲਓ ਪਰ ਵਿਦਵਾਨ ਵਾਸਤੇ ਰਾਮ ਅਸਲੋਂ ਹੀ ਨੇੜੇ ਹੈ

**ਪ੍ਰਭ ਨੇਰਹੁ ਤੇ ਨੇਰਿਆ**

Sri Satguru Jagjit Singh Ji Elibrary NamdhariElibrary@gmail.com

ਧਰਮ, ਧਨ ਪਦਾਰਥ ਕੋਈ ਕਾਮਨਾ ਅਤੇ ਮੋਖ
ਚਾਰ ਪਦਾਰਥ ਮੰਨੇ ਗਏ ਹਨ । ਇਨ੍ਹਾਂ ਪਦਾਰਥਾਂ ਨੂੰ ਪ੍ਰਾਪਤ ਕਰਨ ਵਾਸਤੇ ਸਾਰੀ ਦੁਨੀਆ ਜਤਨ ਕਰਦੀ ਰਹਿੰਦੀ ਹੈ ਪਰ ਵਿਦਵਾਨ ਇਨ੍ਹਾਂ ਨੂੰ ਹੇਚ ਸਮਝਦਾ ਹੈ ਅਤੇ ਇਨ੍ਹਾਂ ਦੀ ਪਰਵਾਹ ਅਥਵਾ ਚਾਹ ਹੀ ਨਹੀਂ ਕਰਦਾ

**ਕਈ ਬੈਕੁੰਠ ਨਾਹੀ ਲਵੈ ਲਾਗੇ ।**
**ਮੁਕਤਿ ਬਪੁੜੀ ਭੀ ਗਿਆਨੀ ਤਿਆਗੇ ।**

ਵਿਦਵਾਨ ਦੇ ਗੁਣਾਂ ਕਰਕੇ ਹੀ ਸੰਤ ਜੀ ਵਿਦਵਾਨ ਨੂੰ ਬੰਦਨਾ ਕਰਦੇ ਹਨ

**ਵਿਦਵਾਨ ਕੋ ਬੰਦਨਾ ਬਿਨ ਵਿਦਿਆ ਪਸੂ ਪ੍ਰੇਤ ।**

ਜਦੋਂ ਕਿਸੇ ਵੀ ਧਨ ਦੀ ਪ੍ਰਾਪਤੀ ਵਾਸਤੇ ਉੱਦਮ ਅਤੇ ਮਿਹਨਤ ਦੀ ਲੋੜ ਹੁੰਦੀ ਹੈ ਤਾਂ ਫਿਰ ਅਮੋਲਕ ਵਿੱਦਿਆ ਧਨ ਦੀ ਪ੍ਰਾਪਤੀ ਮਿਹਨਤ ਤੋਂ ਬਿਨਾ ਕਿਵੇਂ ਹੋ ਸਕਦੀ ਹੈ ਇਸੇ ਲਈ ਤਾਂ ਸੁਖਿਆਰੇ, ਆਲਸੀ ਅਤੇ ਲਾਪਰਵਾਹ ਬਾਲਕ ਵਿੱਦਿਆ ਤੋਂ ਵਾਂਝੇ ਹੀ ਰਹਿ ਜਾਂਦੇ ਹਨ

ਅਜ ਕਲ ਤਾਂ ਪਿੰਡ ਪਿੰਡ ਵਿਚ ਵਿਦਿਆਲੇ ਅਥਵਾ ਸਕੂਲ ਹਨ ਪਰ ਅਜ ਤੋਂ ਤਕਰੀਬਨ ੧੫੦ ਸਾਲ ਪਹਿਲਾਂ ਇੰਨੇ ਸਕੂਲ ਨਹੀਂ ਸਨ । ਵਿੱਦਿਆ ਦੇ ਚਾਹਵਾਨਾਂ ਨੂੰ ਦੂਰ ਦੂਰ ਜਾ ਕੇ ਵਿੱਦਿਆ ਪ੍ਰਾਪਤ ਕਰਨੀ ਪੈਂਦੀ ਸੀ ।

ਭਾਈ ਰਾਇ ਸਿੰਘ ਜੀ ਮੁਕਤਸਰ ਸਾਹਿਬ ਦੇ ਨਜ਼ਦੀਕ ਇਕ ਪਿੰਡ ਮਦੀਹਰ ਦੇ ਰਹਿਣ ਵਾਲੇ ਸਨ । ਬਚਪਨ ਤੋਂ ਹੀ ਵਿੱਦਿਆ ਪੜ੍ਹਨ ਦਾ ਸ਼ੌਕ ਸੀ । ਵਿੱਦਿਆ ਪੜ੍ਹਨ ਵਾਸਤੇ ਆਪ ਜੀ ਅੰਮ੍ਰਿਤਸਰ ਗਏ । ਸੰਤ ਧਿਆਨ ਸਿੰਘ ਜੀ ਲਿਖਦੇ ਹਨ

**ਪਰੀਤ ਉਠੀ ਮਨ ਰਾਇ ਸਿੰਘ ਦੇਸ਼ ਮਾਲਵਾ ਛੋੜ**
**ਸ੍ਰੀ ਅੰਮ੍ਰਿਤਸਰ ਜੀ ਗਇਓ ਵਿਦਿਆ ਦੀ ਕਰ ਲੋੜ ।**

ਇਥੇ ਰਹਿੰਦਿਆਂ
ਭਾਈ ਜੀ ਨੇ ਕਈ ਗ੍ਰੰਥ ਅਰਥਾਂ ਸਹਿਤ ਪੜ੍ਹੇ । ਫਿਰ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦਾ ਪਾਠ ਅਰਥਾਂ ਸਹਿਤ ਸ਼ੁਰੂ ਕੀਤਾ । ਜਦੋਂ ਆਪ ਇਹੋ ਜਿਹੇ ਸ਼ਬਦ ਪੜ੍ਹਦੇ ਕਿ

ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ ।

ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ । (ਪੰਨਾ ੫੯)

ਅਥਵਾ

ਬਿਨੁ ਸਤਿਗੁਰ ਕਿਨੈ ਨ ਪਾਇਓ

ਬਿਨੁ ਸਤਿਗੁਰ ਨ ਪਾਇਆ । (ਪੰਨਾ ੪੬੬

ਅਥਵਾ

ਅਨਦਿਨੁ ਜਲਤੁ ਰਹੈ ਦਿਨੁ ਰਾਤੀ

ਗੁਰ ਬਿਨੁ ਸਾਂਤਿ ਨ ਹੋਈ ਹੇ (ਪੰਨਾ ੧੦੪੫

ਅਥਵਾ

ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ

ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ (ਪੰਨਾ ੪੬੯)

ਤਾਂ ਆਪ ਸੋਚਣ ਲਗ ਪੈਂਦੇ ਕਿ ਮੈਂ ਕਈ ਗ੍ਰੰਥ ਪੜ੍ਹ ਲੈ ਹਨ ਪਰ ਨਾਂ ਤਾਂ ਮੈਨੂੰ ਆਤਮਕ ਸ਼ਾਤੀ ਹੀ ਪ੍ਰਾਪਤ ਹੋਈ ਅਤੇ ਨਾ ਹੀ ਆਤਮਕ ਗਿਆਨ ਪ੍ਰਾਪਤ ਹੋਇਆ ਹੈ । ਇਸ ਦਾ ਕਾਰਨ ਸ਼ਾਇਦ ਇਹ ਹੀ ਨ ਹੋਵੇ ਕਿ ਮੈਂ ਹਲੀ ਤਕ ਕੋਈ ਗੁਰੂ ਧਾਰਨ ਨਹੀਂ ਕੀਤਾ । ਬੜਾ ਸੋਚਦੇ ਰਹਿੰਦੇ । ਫਿਰ ਜਦੋਂ ਆਪ ਜੀ ਨੇ ਇਹ ਪੜ੍ਹਿਆ ਕਿ

ਗੁਰੂ ਗੁਰੂ ਗੁਰੁ ਕਰਿ ਮਨ ਮੋਰ । (ਪੰਨਾ ੮੬੪)

ਅਥਵਾ

ਸਭਿ ਜਾਇ ਮਿਲਹੁ ਸਤਿਗੁਰੂ ਕਉ ਮੇਰੀ ਜਿੰਦੁੜੀਏ

ਜੋ ਹਰਿ ਹਰਿ ਨਾਮੁ ਦ੍ਰਿੜਾਵੈ ਰਾਮ । (ਪੰਨਾ ਪ )

ਤਾਂ ਆਪ ਜੀ ਨੇ ਨਿਸਚਾ ਕਰ ਲਿਆ ਕਿ ਮੈਨੂੰ ਗੁਰੂ ਜ਼ਰੂਰ ਧਾਰਨ ਕਰਨਾ ਚਾਹੀਦਾ ਹੈ । ਹੁਣ ਸਵਾਲ ਇਹ ਸੀ ਕਿ ਗੁਰੂ ਕਿਸ ਨੂੰ ਧਾਰਨ ਕੀਤਾ ਜਾਏ ? ਕਿਉਂਜੋ ਆਪ ਜਾਣਦੇ ਸਨ ਕਿ

Sri Satguru Jagjit Singh Ji Elibrary NamdhariElibrary@gmail.com

ਅੰਧੇ ਗੁਰੂ ਤੇ ਭਰਮੁ ਨ ਜਾਈ । (ਪੰਨਾ ੨੩੨)

ਅਥਵਾ

ਗੁਰੂ ਸਦਾਏ ਅਗਿਆਨੀ ਅੰਧਾ
ਕਿਸੁ ਓਹੁ ਮਾਰਗਿ ਪਾਏ । (ਪੰਨਾ ੪੯੧)

ਅਤੇ ਆਪ ਜੀ ਨੂੰ ਇਹ ਵੀ ਪਤਾ ਸੀ ਕਿ ਭੱਟ ਭਿਖਿਆ ਜੀ ਕਈਆਂ ਸਾਧੂਆਂ ਸੰਤਾਂ ਨੂੰ ਵੇਖ ਕੇ ਹੀ ਇਹ ਸ਼ਬਦ ਲਿਖਿਆ ਸੀ

ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ
ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ
ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ
ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ

ਭਾਈ ਜੀ ਜਾਣਦੇ ਸਨ ਕਿ ਦੰਭੀ ਅਥਵਾ ਕਪਟੀ ਸਾਧੂ ਸੰਤ ਬੜੇ ਨਗੇ ਫਿਰਦੇ ਹਨ ਜਿਹੜੇ

ਅੰਦਰਹੁ ਝੂਠੇ ਪੈਜ ਬਾਹਰਿ ।

ਅਥਵਾ

ਅਵਰ ਉਪਦੇਸੈ ਆਪਿ ਨ ਕਰੈ ।

ਅਥਵਾ

ਰਹਤ ਅਵਰ ਕਛੁ ਅਵਰ ਕਮਾਵਤ ।
ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ ।

ਵਾਲੇ ਹੀ ਹਨ । ਆਪ ਚਾਹੁੰਦੇ ਸਨ ਕਿ ਇਨ੍ਹਾਂ ਭੇਖੀ ਅਥਵਾ (ਪੰਨਾ ੨੬੯) ਕਪਟੀ ਸਾਧੂਆਂ ਦੇ ਝਾਂਸੇ ਵਿਚ ਨ ਫਸਿਆ ਜਾਏ ਅਤੇ ਐਸੇ ਪੂਰੇ ਗੁਰੂ ਦਾ ਸਿੱਖ ਬਣਿਆ ਜਾਏ ਜਿਦੇ ਬਾਬਤ ਇਹ ਲਿਖਿਆ ਹੈ

ਗੁਰ ਮਾਰਗ ਭੂਲੇ ਕੋ ਪਾਵੈ। ਗੁਰ ਮਿਲਿਐ ਸ਼ਾਤੀ ਮਨ ਆਵੈ।
ਪੂਰਾ ਗੁਰੂ ਮਿਲੇ ਦੁਖ ਕਾਟੈ। ਜਮ ਜੰਦਾਰ ਕੇ ਕਾਗਦ ਫਾਟੈ

( ਸੰਤ ਧਿਆਨ ਸਿੰਘ ਜੀ )

ਅਥਵਾ

ਪੂਰਾ ਸਤਗੁਰੁ ਮੇਲਿ ਮਿਲਾਵੈ
ਸਭ ਚੂਕੈ ਮਨ ਕੀ ਚਿੰਤੀ ।

ਅਥਵਾ

ਗੁਰ ਪੂਰੇ ਦੀਓ ਉਪਦੇਸਾ ਜਪਿ ਭਉਜਲੁ ਪਾਰਿ ਉਤਾਰਾ ।
ਪੰਨਾ ੬੨੫

ਹੁਣ ਭਾਈ ਜੀ ਇਹ ਸੋਚਣ ਲਗੇ ਸੋ ਕਿਵ ਪਾਵੇ ਗੁਰੂ ਪਿਆਰਾ
ਜਿਸ ਤੇ ਹੋਵੇ ਪਾਰ ਉਤਾਰਾ ।
ਬਖਸ਼ੇ ਹਰ ਉਰ ਸ਼ਾਤੀ ਮੇਰੇ ।
ਸਤਿਗੁਰੂ ਮਿਲੇ ਜੋ ਭਾਗ ਬਡੇਰੇ ।
(ਸੰਤ ਗਿਆਨ ਸਿੰਘ ਜੀ)

ਹੁਣ ਭਾਈ ਰਾਇ ਸਿੰਘ ਜੀ ਦੀਆਂ ਸੋਚਾਂ ਗੁਰੂ ਦਰਸ਼ਨ ਦੀ ਲਾਲਸਾ

ਅਥਵਾ

"ਪ੍ਰਭ ਮਿਲਬੇ ਕੀ ਲਾਲਸਾ"

ਵਿਚ ਬਦਲ ਗਈਆਂ, ਹੁਣ ਚਾਹਿ ਲਗੀ ਗੁਰ ਮਿਲਣੇ ਵਾਲੀ

ਹੁਣ ਤਾਂ ਇਹੋ ਜਿਹੇ ਸ਼ਬਦ ਪੜ੍ਹਦੇ ਰਹਿੰਦੇ

ਮੇਰੈ ਅੰਤਰਿ ਲੋਚਾ ਮਿਲਣ ਕੀ ਪਿਆਰੇ
ਹਉ ਕਿਉ ਪਾਈ ਗੁਰ ਪੂਰੇ (ਪੰਨਾ ੫੬੪

ਅਥਵਾ

ਆਸ ਪਿਆਸੀ ਮੈ ਫਿਰਉ ਕਬ ਪੇਖਉ ਗੋਪਾਲ

ਦਰਸ਼ਨ ਕਰਨ ਦੀ ਲਾਲਸਾ ਇਥੋਂ ਤਕ ਵਧ ਗਈ ।

ਬਿਨੁ ਮਿਲਬੇ ਸਾਂਤਿ ਨ ਊਪਜੈ
ਤਿਲੁ ਪਲੁ ਰਹਣੁ ਨ ਜਾਇ (ਪੰਨਾ ੯੨੮)

ਹੁਣ ਤਾਂ ਭਾਈ ਜੀ ਗੁਰ ਦਰਸ਼ਨ ਲਈ ਇਸ ਤਰ੍ਹਾਂ ਤੜਫਣ ਲਗੇ ਜਿਵੇਂ ਕਿਸੇ ਜੰਗਲ ਵਿਚ ਇਕ ਪਿਆਸਾ ਆਦਮੀ ਪਾਣੀ ਵਾਸਤੇ ਤਰਲੇ ਲੈਂਦਾ ਹੋਇਆ ਇਹ ਕਹਿੰਦਾ ਹੈ ਕਿ 'ਹਾਏ ਮੈਨੂੰ ਪਾਣੀ ਜਲਦੀ ਮਿਲੇ'

ਪਿਆਸਾ ਬਾਰ ਬਾਰ ਬਿਨ ਬਾਰ,
ਬਾਰ ਬੀਚ ਚਹਿ ਬਿਨਾਂ ਅਵਾਰ ।

ਅਥਵਾ ਜਿਉ ਚਾਤ੍ਰਿਕੁ ਜਲ ਬਿਨੁ ਬਿਲਲਾਵੈ,
ਬਿਨੁ ਜਲ ਪਿਆਸ ਨ ਜਾਈ । (ਪੰਨਾ ੬੦੭)

ਹੁਣ ਤਾਂ ਭਾਈ ਜੀ ਅਪਣੇ ਮੂੰਹੋਂ ਕਹਿਣ ਲਗ ਪਏ "ਮੇਰਾ ਮਨੁ ਲੋਚੈ ਗੁਰ ਦਰਸਨ ਤਾਈ ।
ਬਿਲਪ ਕਰੇ ਚਾਤ੍ਰਿਕ ਕੀ ਨਿਆਈ ।
ਹਾਏ ! ਤ੍ਰਿਖਾ ਨ ਉਤਰੈ ਸਾਂਤਿ ਨ ਆਵੈ,
ਬਿਨੁ ਦਰਸਨ ਸੰਤ ਪਿਆਰੇ ਜੀਉ ॥ (ਪੰਨਾ ੯੬)

ਭਾਈ ਜੀ ਨੇ ਵੈਰਾਗੀ ਹਾਲਤ ਵਿਚ ਕੁਝ ਇਸ ਤਰ੍ਹਾਂ ਦੀ ਅਰਦਾਸ ਕੀਤੀ:- ਹੇ ਸਮੇਂ ਦੇ ਗੁਰੂ ਜੀ ! ਮੈਂ ਅੰਞਾਣ ਤੇ ਤਰਸ ਕਰਕੇ ਦਰਸ਼ਨ ਦੀ ਦਾਤ ਬਖਸ਼ੋ ਜੀ । ਹੇ ਪ੍ਰਭੂ ! ਮੈਂ ਤੇਰੇ ਦਰ ਤੇ ਮੰਗਤਾ ਹਾਂ ਮੈਂ ਤੇਰੇ ਦੀਦਾਰ ਦੀ ਸਦਾਅ ਕਰਦਾ ਹਾਂ ਮੈਨੂੰ ਅਪਣੇ ਦੀਦਾਰ ਦਾ ਖੈਰ ਪਾਉ ਜੀ ।

ਅਥਵਾ
ਤਉ ਦਰਸਨ ਕੀ ਕਰਉ ਸਮਾਇ ਮੈ ਦਰਿ ਮਾਗਤੁ ਭੀਖਿਆ ਪਾਇ ॥
(ਪੰਨਾ ੭੨੧)

Sri Satguru Jagjit Singh Ji Elibrary NamdhariElibrary@gmail.com

ਜਦੋਂ ਭਾਈ ਜੀ, ਦਰਸ਼ਨ ਵਾਸਤੇ ਇੰਨੇ ਤਰਲੇ ਕਰ ਰਹੇ ਸਨ

ਤਾਂ

**ਘਟ ਘਟ ਕੇ ਅੰਤਰ ਕੀ ਜਾਨਤ ।**

**ਭਲੇ ਬੁਰੇ ਕੀ ਪੀਰ ਪਛਾਨਤ ।**

ਵਾਲੇ ਸਤਿਗੁਰੂ ਜੀ

ਗੁਰੂ ਰਾਮ ਸਿੰਘ ਧਰਮੀ ਧੀਰ ।

ਜਾਨ ਸਿੱਖ ਕੀ ਬਿਰਹੋਂ ਪੀਰ ।

ਪਹੁੰਚੇ ਰਾਇ ਸਿੰਘ ਕੇ ਪਾਸ ।

ਫਿਰ ਕੀ ਹੋਇਆ ?

ਭਾਈ ਜੀ ਨੇ

ਦਰਸ਼ਨ ਪਾਇਓ ਜਬ ਸੁਖ ਰਾਸ ।

ਅਥਵਾ

ਕਟੜੇ ਹਰੀ ਸਿੰਘ ਕੇ ਮਾਂਹਿ ।

ਤਾਹਿ ਮਿਲੇ ਵਾਲੀ ਜਗ ਜਾਹਿ ।

ਜਿੱਥੇ ਭਾਈ ਜੀ ਗੁਰੂ ਦਰਸ਼ਨ ਵਾਸਤੇ ਵਿਲਕ ਰਹੇ ਸਨ, ਉੱਥੇ ਹੀ ਭਾਵ ਕਟੜੇ ਹਰੀ ਸਿੰਘ ਵਿਚ ਹੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਭਾਈ ਜੀ ਨੂੰ ਆ ਦਰਸ਼ਨ ਦਿੱਤੇ । ਇਸ ਦਰਸ਼ਨ ਦਾ ਸੁਖ ਤਾਂ ਜਾਂ ਭਾਈ ਜੀ ਜਾਣਦੇ ਹੋਣਗੇ ਜਾਂ ਸਤਿਗੁਰੂ ਜੀ, ਅਸੀਂ ਜੀਵ ਕੀ ਲਿਖ ਸਕਦੇ ਹਨ ?

**ਜੋ ਸੁਖੁ ਦਰਸਨ ਪੇਖਤੇ ਪਿਆਰੇ**

**ਮੁਖ ਤੇ ਕਹਣੁ ਨ ਜਾਇ** (ਪੰਨਾ ੪੩੧

ਅਥਵਾ

**ਦਰਸਨੁ ਦੇਖਤ ਦੋਖ ਨਸੇ** (ਪੰਨਾ ੮੨੬)

ਅਥਵਾ

ਦਰਸਨ ਰਾਇ ਸਿੰਘ ਜਬ ਕੀਨਾ । ਗੁਰੂ ਰਾਮ ਸਿੰਘ ਸਭ ਦੁਖ ਛੀਨਾ ।

ਉਸ ਸਮੇਂ ਦੇ ਦਰਸ਼ਨ ਬਾਰੇ ਸੰਤ ਧਿਆਨ ਸਿੰਘ ਜੀ ਲਿਖਦੇ ਹਨ

ਕਛ, ਕੜਾ, ਸੀਧਾ ਦਸਤਾਰਾ ।
ਬਾਣਾ ਸ੍ਵੇਤ ਪਹਿਰਿਆ ਸਾਰਾ ।
ਲਾਂਬੀ ਭੁਜਾ ਵ ਲਾਂਬੀ ਡੀਲ ।
ਮ੍ਰਿਦੁਲ ਬਾਕ ਪੂਰਣ ਗੁਣ ਸ਼ੀਲ ।

ਭਾਵ ਸਤਿਗੁਰੂ ਜੀ ਦੇ ਤੇੜ ਕਛਹਿਰਾ ਹੈ, ਬਾਂਹ ਵਿਚ ਕੜਾ ਹੈ ਅਤੇ ਸੀਸ ਤੇ ਸਿੱਧਾ ਅਥਵਾ ਗੁਰਮੁਖੀ ਦਸਤਾਰਾ ਹੈ। ਉਨ੍ਹਾਂ ਦੇ ਸਾਰੇ ਹੀ ਬਸਤਰ ਚਿੱਟੇ ਹਨ। ਉਨ੍ਹਾਂ ਦੀਆਂ ਬਾਹਵਾਂ ਵੀ ਲੰਮੀਆਂ ਹਨ ਅਤੇ ਸਰੀਰ ਵੀ ਲੰਮਾ ਹੈ (ਉੱਚਾ ਹੈ)

**ਆਜਾਨੁ ਬਾਹੁ** ਹਨ ਭਾਵ ਖਲੋਤਿਆਂ ਹੋਇਆਂ ਉਨ੍ਹਾਂ ਦੀਆਂ ਬਾਹਵਾਂ ਗੋਡਿਆਂ ਤੱਕ ਲੰਮੀਆਂ ਹਨ ਅਤੇ ਉਨ੍ਹਾਂ ਦੇ ਬਚਨ ਮਿਠੇ ਅਤੇ ਪੂਰਨ ਗੁਣਾਂ ਦੇ ਭਰੇ ਹੋਏ ਹਨ

ਅਥਵਾ

**ਅੰਮ੍ਰਿਤ ਪ੍ਰਿਅ ਬਚਨ ਤੁਹਾਰੇ ॥**
**ਅਤਿ ਸੁੰਦਰ ਮਨਮੋਹਨ ਪਿਆਰੇ ਸਭ ਹੂ ਮਧਿ ਨਿਰਾਰੇ ॥**
(ਪੰਨਾ ੫੩੪)

ਭਾਵ ਸਤਿਗੁਰੂ ਜੀ ਦਾ ਸਾਰਾ ਹੀ ਸਰੀਰ ਅਤਿ ਸੁੰਦਰ ਹੈ

**ਤੇਰੇ ਬੰਕੇ ਲੋਇਣ, ਦੰਤ ਰੀਸਾਲਾ ॥**
**ਸੋਹਣੇ ਨਕ ਜਿਨ ਲੰਮੜੇ ਵਾਲਾ ॥**
**ਕੰਚਨ ਕਾਇਆ ਸੋਇਨੇ ਕੀ ਢਾਲਾ ॥**

**ਤੇਰੀ ਚਾਲ ਸੁਹਾਵੀ ਮਧੁਰਾੜੀ ਬਾਣੀ ॥**
(ਪੰਨਾ ੫੬੭)

ਸਤਿਗੁਰੂ ਜੀ ਦੀ ਸੁੰਦਰਤਾ ਬਾਰੇ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਲਿਖਦੇ ਹਨ

**ਕੰਜਲਕ ਨੈਨ, ਕੰਬ ਗ੍ਰੀਵਹਿ, ਕਟਿ ਕੇਹਰ, ਕੁੰਜਰ ਗਵਨ ॥**

ਕਮਲ ਵਰਗੀਆਂ ਅੱਖਾਂ, ਸੰਖ ਵਰਗੀ ਗਰਦਨ, ਸ਼ੇਰ ਵਰਗੀ ਕਮਰ, ਹਾਥੀ ਵਰਗੀ ਚਾਲ

**ਕਦਲੀ ਕੁਰੰਕ ਕਰਪੂਰ ਗਤ ਬਿਨ ਅਕਾਲ ਦੂਜੋ ਕਵਨ ॥**

ਕੇਲੇ ਵਰਗੀਆਂ ਲੱਤਾਂ, ਹਰਨ ਵਰਗੀ ਫੁਰਤੀ, ਕਪੂਰ ਵਰਗੀ ਸੁਗੰਧੀ

ਇਹ ਸਾਰੀਆਂ ਸਿਫਤਾਂ ਅਕਾਲ ਪੁਰਖ ਸਤਿਗੁਰ ਤੋਂ ਬਿਨਾਂ ਕਿਸੇ ਹੋਰ ਵਿਚ ਨਹੀਂ ਹੁੰਦੀਆਂ ।

ਸਤਿਗੁਰੂ ਜੀ ਦੇ ਦਰਸ਼ਨ ਹੁੰਦਿਆਂ ਸਾਰ ਭਾਈ ਰਾਇ ਸਿੰਘ ਜੀ ਦੀ ਛਾਤੀ ਸੀਤਲ ਹੋ ਗਈ ਅਤੇ ਹਿਰਦੇ ਵਿਚ ਠੰਢ ਵਰਤ ਗਈ

**ਦੇਖ ਦਰਸ ਸੀਤਲ ਭਈ ਛਾਤੀ। ਮਾਨੋ ਮਿਲੀ ਰੰਕ ਹਿ ਨਿਧਿ ਥਾਤੀ।**

ਸਾਵਧਾਨ ਹੋ ਕੇ ਭਾਈ ਜੀ ਨੇ ਸਤਿਗੁਰੂ ਜੀ ਦੇ ਚਰਨਾਂ ਤੇ ਨਮਸਕਾਰ ਕੀਤੀ ।

ਮਿਠ ਬੋਲੜੇ ਸਤਿਗੁਰੂ ਜੀ ਨੇ ਭਾਈ ਜੀ ਨੂੰ ਪੁੱਛਿਆ ਕਿ ਤੂੰ ਕਿੰਨੇ ਕੁ ਗ੍ਰੰਥ ਪੜ੍ਹੇ ਹਨ? ਭਾਈ ਜੀ ਨਿਮ੍ਰਤਾ ਸਹਿਤ ਬੇਨਤੀ ਕੀਤੀ, ਜੀ ਪਹਿਲਾਂ ਤਾਂ ਮੈਂ ਹੋਰ ਹੀ ਬਹੁਤ ਗ੍ਰੰਥ ਪੜ੍ਹੇ ਸਨ ਪਰ ਅਜਕਲ ਮੈਂ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦਾ ਪਾਠ ਪੜ੍ਹ ਰਿਹਾ ਹਾਂ। ਸਤਿਗੁਰੂ ਜੀ ਨੇ ਪੁੱਛਿਆ, ਸੁਣਾ ਫਿਰ ਕੀ ਸਿੱਖਿਆ ਮਿਲੀ ਹੈ?

ਭਾਈ ਜੀ ਨੇ ਬੇਨਤੀ ਕੀਤੀ ਜੀ ਇਸ ਵਿਚ ਤਾਂ ਬਾਰ ਬਾਰ ਇਹ ਹੀ ਲਿਖਿਆ ਹੈ

**ਮਤ ਕੋ ਭਰਮਿ ਭੁਲੈ ਸੰਸਾਰਿ ।**
**ਗੁਰ ਬਿਨੁ ਕੋਇ ਨ ਉਤਰਸਿ ਪਾਰਿ ॥** (ਪੰਨਾ ੮੬੪)

ਅਥਵਾ
**ਗੁਰ ਬਿਨੁ ਗਿਆਨੁ ਨ ਹੋਵਈ ਨਾ ਸੁਖੁ ਵਸੈ ਮਨਿ ਆਇ ॥**
**ਨਾਨਕ ਨਾਮ ਵਿਹੂਣੇ ਮਨਮੁਖੀ ਜਾਸਨਿ ਜਨਮੁ ਗਵਾਇ ॥** (ਪੰਨਾ ੬੫੦)

ਅਥਵਾ
**ਬਿਨੁ ਸਤਿਗੁਰ ਨਾਮੁ ਨ ਪਾਈਐ ਭਾਈ**
**ਬਿਨੁ ਨਾਮੈ ਭਰਮੁ ਨ ਜਾਈ ॥** (ਪੰਨਾ ੬੩੫)

ਅਥਵਾ
**ਅਨਦਿਨੁ ਜਲਤੁ ਰਹੈ ਦਿਨੁ ਰਾਤੀ ਗੁਰ ਬਿਨੁ ਸਾਂਤਿ ਨ ਹੋਈ ਹੇ** (ਪੰਨਾ ੧੦੪੪)

ਸ੍ਰੀ ਸਤਿਗੁਰੂ ਜੀ ਨੇ ਕਹਿਆ ਕਿ ਭਾਈ, ਇਹ ਧੁਰ ਕੀ ਬਾਣੀ ਹੈ, ਇਹ ਗੁਰੂ ਸਾਹਿਬਾਨ ਨੇ ਸਾਡੇ ਭਲੇ ਵਾਸਤੇ ਉਚਾਰੀ ਹੋਈ ਹੈ। ਇਹ ਜ਼ਰੂਰ ਪੜ੍ਹਨੀ ਚਾਹੀਦੀ ਹੈ ਅਤੇ ਪੜ੍ਹ ਕੇ ਵੀਚਾਰ ਵੀ ਕਰਨੀ ਚਾਹੀਦੀ ਹੈ।

ਭਾਈ ਜੀ ਨੇ ਬੇਨਤੀ ਕੀਤੀ, ਜੀ ਮੈਂ ਅਜਕਲ ਇਸੇ ਗ੍ਰੰਥ ਸਾਹਿਬ ਜੀ ਦਾ ਪਾਠ ਅਰਥਾਂ ਸਹਿਤ ਪੜ੍ਹ ਰਿਹਾ ਹਾਂ। ਮੈਨੂੰ ਤਾਂ ਸਭ ਤੋਂ ਵੱਡੀ ਸਿੱਖਿਆ ਇਹ ਹੀ ਮਿਲੀ ਹੈ ਕਿ ਪੂਰੇ ਗੁਰੂ ਬਿਨਾਂ ਨਾ ਤਾਂ ਪਰਮਾਤਮਾਂ ਦੀ ਪ੍ਰਾਪਤੀ ਹੁੰਦੀ ਹੈ ਅਤੇ ਨਾ ਹੀ ਆਤਮਕ ਸ਼ਾਂਤੀ ਮਿਲਦੀ ਹੈ।

ਮੈਂ ਕਈ ਦਿਨਾਂ ਤੋਂ ਸੋਚ ਰਿਹਾ ਹਾਂ ਕਿ ਮੈਂ ਪੂਰੇ ਗੁਰੂ ਨੂੰ ਕਿੱਥੇ ਅਤੇ ਕਿਵੇਂ ਮਿਲਾਂ। ਹਾਲੀ ਤਕ ਪੂਰਾ ਗੁਰੂ ਨ ਮਿਲਣ ਕਰਕੇ ਦਿਲ ਬੜਾ ਉਦਾਸ ਅਤੇ ਬੇਚੈਨ ਰਹਿੰਦਾ ਹੈ। ਹੁਣ ਆਪ ਜੀ ਦਾ ਦਰਸ਼ਨ ਹੋਇਆ ਹੈ, ਹਿਰਦੇ ਸ਼ਾਂਤੀ ਵਰਤ ਗਈ ਹੈ

ਦਰਸਨ ਜਬੈ ਆਪ ਕਾ ਭਇਆ।
ਉਰ ਸੀਤਲ ਕਰ ਤੁਮਰੀ ਦਇਆ॥

ਸਤਿਗੁਰੂ ਜੀ ਥੋੜ੍ਹਾ ਜਿਹਾ ਮੁਸਕਰਾਏ ਅਤੇ ਬਚਨ ਕੀਤਾ, ਭਾਈ ਉਹ ਬੜੇ ਭਾਗਾਂ ਵਾਲਾ ਹੁੰਦਾ ਹੈ ਜਿਸ ਨੂੰ ਸਤਿਗੁਰ ਜੀ ਦੇ ਦਰਸ਼ਨ ਕਰਨ ਦੀ ਚਾਹ ਹੁੰਦੀ ਹੈ ਅਤੇ ਜਿਹੜਾ ਸਤਿਗੁਰੂ ਜੀ ਦਾ ਦਰਸ਼ਨ ਕਰ ਲਵੇ ਉਸਦਾ ਕਹਿਣਾ ਹੀ ਕਿਆ?

ਵਡਭਾਗੀ ਗੁਰ ਦਰਸਨੁ ਪਾਇਆ। ਪੰਨਾ ੮੬

ਅਥਵਾ

ਵਡਭਾਗੀ ਗੁਰੁ ਪਾਇਆ ਭਵਜਲੁ ਉਤਰੇ ਪਾਰਿ (ਪੰਨਾ ੧੨੭੬)

ਅਥਵਾ

ਵਡੈ ਭਾਗਿ ਦੇਵੈ ਪਰਮੇਸਰੁ ਕੋਟਿ ਫਲਾ ਦਰਸਨ ਗੁਰ ਡੀਠੇ ਪੰਨਾ ੭੧੨

ਸਤਿਗੁਰੂ ਜੀ ਨੇ ਆਪਣੇ ਆਪ ਨੂੰ ਨ ਜਣਾਂਦਿਆਂ ਹੋਇਆਂ ਕਿਹਾ ਕਿ ਭਾਈ ਜੇ ਤੈਨੂੰ ਸੱਚ ਮੁੱਚ ਗੁਰੂ ਨੂੰ ਮਿਲਣ ਦੀ ਚਾਹ ਹੈ ਤਾਂ ਲੁਧਿਆਣੇ ਤੋਂ ਚੜ੍ਹਦੇ ਪਾਸੇ ਨੌ (੯) ਕੋਹ ਤੇ ਇਕ ਪਿੰਡ ਭੈਣੀ ਹੈ। ਤੂੰ ਉੱਥੇ ਜਾ ਕੇ ਬਾਢੀ ਸੁਤ ਰਾਮ ਸਿੰਘ ਨੂੰ ਮਿਲ। ਉਹ ਹੀ ਐਸ ਸਮੇਂ ਦਾ ਗੁਰੂ ਹੈ।

ਲੁਦਪੁਰ ਸੇ ਪਰਬ ਨੌ ਕੋਸ, ਬਾਢੀ ਸੁਤ ਜਾ ਮਿਲੋ ਤੂੰ ਉਸ।
ਰਾਮ ਸਿੰਘ ਹੈ ਤਾਂਕੋ ਨਾਮ। ਅਹੇ ਭਰਾ ਪਹੁਚੋ ਤਿਸੈ ਧਾਮ।

ਸ੍ਰੀ ਸਤਿਗੁਰੂ ਜੀ ਇੰਨਾ ਬਚਨ ਕਰਕੇ ਅੱਗੇ ਤੁਰ
ਪਏ ਅਤੇ ਛਿਨ ਵਿਚ ਹੀ ਪਤਾ ਹੀ ਨ ਲੱਗਾ ਕਿ ਕਿਧਰ ਚਲੇ ਗਏ ਹਨ ।
ਰਾਇ ਸਿੰਘ ਜੀ ਨੇ ਬੜੀ ਭਾਲ ਕੀਤੀ ਪਰ ਫਿਰ ਦਰਸ਼ਨ ਨ ਹੋਇਆ ।
ਭਾਈ ਜੀ ਨੂੰ ਖਿਆਲ ਆਇਆ ਕਿ ਇਹ ਤਾਂ ਮੇਰੀ ਦਰਸ਼ਨ ਦੀ ਮੰਗ
ਪੂਰੀ ਕਰਨ ਵਾਸਤੇ ਅਕਾਲ ਪੁਰਖ ਆਪ ਆਇਆ ਸੀ, ਝੂਰਨ ਲਗੇ
ਕਹਿਣ ਲਗੇ, ਹਾਏ ! ਮੇਰੇ ਹਥੋਂ ਹੀਰਾ ਡਿਗ ਪਇਆ ਹੈ ਅਤੇ ਪਤਾ ਨਹੀ
ਕਿੱਥੇ ਗੁੰਮ ਹੋ ਗਿਆ ਹੈ ?
ਹਾਏ । ਇਹ ਤਾਂ ਇਕ ਸੁਪਨੇ ਵਤ ਦਰਸ਼ਨ ਦੇ ਕੇ ਚਲਾ ਗਿਆ ਹੈ

**ਸੁਪਨੈ ਆਇਆ ਭੀ ਗਇਆ** (ਪੰਨਾ ੫੫੮

**ਅਜ਼ ਪੇਸ਼ੇ ਚਸ਼ਮ ਆਂ ਬੁਤੇ ਨਾ ਮੇਹਰਬਾਂ ਗੁਜ਼ਸ਼ਤ**
**ਜਾਨਾ ਗੁਜ਼ਸ਼ਤ ਤਾਂਜ਼ ਰਹੇ ਦੀਦਹ ਜਾਂ ਗੁਜ਼ਸ਼ਤ**

ਹਾਏ ! ਮੇਰੀਆਂ ਅੱਖਾਂ ਅਗੋਂ ਉਹ ਨੂਰਾਨੀ ਮੂਰਤੀ ਲੰਘ ਤਾਂ ਗਈ ਹੈ
ਪਰ ਲੰਘਦਿਆਂ ਲੰਘਦਿਆਂ ਮੇਰੀ ਜਾਨ ਵੀ ਨਾਲ ਲੈ ਗਈ ਹੈ

**ਚਖਨ ਚਿਤੌਨ ਸੋ ਚੁਰਾਇ ਚਿਤ ਮੇਰੋ ਲੀਨੋ**
**ਲਟਪਟੀ ਪਾਗ ਸੋ ਲਪੇਟ ਮਨੁ ਲੈ ਗਯੋ**
(ਸ੍ਰੀ ਦਸਮ ਗ੍ਰੰਥ ਜੀ)

ਅਥਵਾ

ਨੈਨਾਂ ਅਗੋਂ ਲੰਘ ਗਿਆ ਅੱਜ, ਇਸ ਕਮਲੀ ਦਾ ਮਾਹੀ ਨੀ ।
ਕੀ ਲੰਘਿਆ ਉਹ ਨੈਣਾਂ ਰਾਹੀਂ ਮਗਰੇ ਜਿੰਦ ਸਿਧਾਈ ਨੀ ।
ਇਕ ਇਸ਼ਾਰਾ ਕਰ ਪਲਕਾਂ ਦਾ, ਸਾਨੂੰ ਘਾਇਲ ਕੀਤਾ ਸੂ ।
ਛੁਟ ਗਿਆ ਜਦ ਤੀਰ ਕਮਾਨੋਂ ਫੇਰ ਨ ਜਾਂਦੀ ਕਾਈ ਨੀ ।
(ਪ੍ਰਿੰਸੀਪਾਲ ਗੰਗਾ ਸਿੰਘ)

ਭਾਵ ਜਦੋਂ ਦੇ ਸਤਿਗੁਰੂ ਜੀ ਭਾਈ ਜੀ ਨੂੰ ਦਰਸ਼ਨ ਦੇ ਕੇ ਚਲੇ ਗਏ ਸਨ
ਭਾਈ ਜੀ ਹੌਕੇ ਲੈਂਦਿਆਂ ਫਿਰ ਦਰਸ਼ਨ ਕਰਨ ਲਈ ਤੜਫਣ ਲਗ ਪਏ ਸਨ
ਹੁਣ ਤਾਂ ਦਰਸ਼ਨ ਬਿਨਾ ਜੀਊਣਾ ਹੀ ਮੁਹਾਲ ਹੋ ਗਿਆ ਸੀ । ਇਸ ਤਰ੍ਹਾਂ ਤੜਫਦੇ
ਸਨ ਜਿਵੇਂ ਪਾਣੀ ਤੋਂ ਬਿਨਾਂ ਮੱਛੀ ਤੜਫਦੀ ਹੈ

ਅਥਵਾ **ਰਾਮ ਬਿਓਗੀ ਨ ਜੀਐ, ਜੀਐ ਤਾ ਬਉਰਾ ਹੋਇ**

(ਪੰਨਾ ੧੩੬੮)

NO. 13

DATE

ਹੁਣ ਭਾਈ ਜੀ ਦੀ ਹਾਲਤ ਗੋਪੀਆਂ ਵਾਂਗੂ ਸੀ

ਛੱਡ ਗੋਪੀਆਂ ਕਾਨ੍ਹ ਰਵਾਨ ਹੋਏ ਰਹੀਆਂ ਰੋਂਦੀਆਂ ਗਈਆਂ ਗਵੀਤੀਆਂ ਹੀ

ਹੁਣ ਭਾਈ ਜੀ ਦੇ ਚਾਰੇ ਪਾਸੇ ਹਨੇਰਾ ਹੀ ਹਨੇਰਾ ਹੈ। ਚੰਗੇ ਭਾਗਾਂ ਕਰਕੇ ਉਨ੍ਹਾਂ ਨੂੰ ਘੁਪ ਹਨੇਰੇ ਵਿਚ ਵੀ ਰੋਸ਼ਨੀ ਦੀ ਇਕ ਕਿਰਨ ਦਿਸ ਪਈ। ਉਹ ਕਿਰਨ ਸੀ "ਸਤਿਗੁਰੂ ਜੀ ਦਾ ਬਚਨ"

ਸਤਿਗੁਰ ਬਚਨ ਤੁਮਾਰੇ॥ ਨਿਰਗੁਣ ਨਿਸਤਾਰੇ॥
॥੧॥ ਰਹਾਉ॥
ਮਹਾ ਬਿਖਾਦੀ ਦੁਸਟ ਅਪਵਾਦੀ ਤੇ ਪੁਨੀਤ ਸੰਗਾਰੇ ॥੧॥
ਜਨਮ ਭਵੰਤੇ ਨਰਕਿ ਪੜੰਤੇ ਤਿਨ੍ ਕੇ ਕੁਲ ਉਧਾਰੇ ॥੨॥
(ਪੰਨਾ ੪੦੬)

ਅਥਵਾ

ਸਤਿਗੁਰ ਬਚਨ ਕਮਾਵਣੇ ਸਚਾ ਏਹੁ ਵੀਚਾਰੁ ॥
(ਪੰਨਾ ੫੨)

ਸਤਿਗੁਰੂ ਜੀ ਦਾ ਬਚਨ ਕੀ ਸੀ? ਸਤਿਗੁਰੂ ਜੀ ਦਾ ਬਚਨ ਸੀ ਕਿ "ਲੁਧਿਆਣੇ ਤੋਂ ਚੜ੍ਹਦੇ ਪਾਸੇ ਨੌਂ ਕੋਹ ਤੇ ਇਕ ਪਿੰਡ ਭੈਣੀ (ਹੁਣ ਸ੍ਰੀ ਭੈਣੀ ਸਾਹਿਬ) ਹੈ, ਉਥੇ ਜਾ ਕੇ ਬਾਢੀ ਸੁਤ ਰਾਮ ਸਿੰਘ ਨੂੰ ਮਿਲ, ਉਹ ਹੀ ਅੱਗ ਸਮੇਂ ਦਾ ਮਾਲਕ ਹੈ"

ਇਹ ਬਚਨ ਯਾਦ ਆਉਂਦਿਆਂ ਹੀ ਉਮਕਿਓ ਹੀਉ ਮਿਲਨ ਪ੍ਰਭ ਤਾਈ॥

ਜਦੋਂ ਭਾਈ ਜੀ ਨੂੰ ਸਤਿਗੁਰੂ ਜੀ ਦਾ ਬਚਨ ਯਾਦ ਆਇਆ ਤਾਂ ਸੋਚਣ ਲਗੇ

ਚੜ੍ਹਦੇ ਚੇਤ੍ਰ ਚਿਤ ਉਦਾਸ, ਚਲੀਏ ਸਤਿਗੁਰਾਂ ਦੇ ਪਾਸ,
ਕਰੀਏ ਹੱਥ ਜੋੜ ਅਰਦਾਸ, ਸਾਨੂੰ ਰੱਖੋ ਆਪਣੇ ਪਾਸ,
ਦੇਹੋ ਚਰਨਾਂ ਵਿਚ ਨਿਵਾਸ,
ਮੈਂ ਔਗੁਣ ਹਾਰੀਆਂ। (ਬਾਬਾ ਚੰਦਾ ਸਿੰਘ ਜੀ)

ਫਿਰ ਕੀ ਸੀ?

ਪੜ੍ਹਾਈ ਵਿਚੇ ਹੀ ਛੱਡ ਕੇ ਸ੍ਰੀ ਭੈਣੀ ਸਾਹਿਬ ਵਲ ਨੂੰ ਤੁਰ ਪਏ

Sri Satguru Jagjit Singh Ji Elibrary NamdhariElibrary@gmail.com

ਜਦ ਮੈਂ ਹੋ ਵਿਰਾਗਣ ਚੱਲੀ, ਚਰਖੇ ਤੰਦ ਨਾ ਨਾਹੀ ਛੱਲੀ,
ਘਰ ਤੋਂ ਤੁਰਕੇ ਭਈ ਅਕੱਲੀ, ਮੈਨੂੰ ਲੋਕ ਆਖਦੇ ਝੱਲੀ
ਕਿਸੇ ਦੀ ਗੱਲ ਨਾ ਲਗਦੀ ਭੱਲੀ
ਮੈਂ ਘਨਿਹਾਰੀਆਂ।

ਰਾਹ ਵਿਚ ਕਈ ਤਰ੍ਹਾਂ ਦੀਆਂ ਗਿਣਤੀਆ ਗਿਣਦੇ ਭਾਈ ਜੀ ਸ੍ਰੀ ਭੈਣੀ ਸਾਹਿਬ ਵਲ ਜਾ ਰਹੇ ਸਨ

ਚਲਿਆ ਗਿਣਦਾ ਗੱਟੀਆਂ
ਕਿਉਂ ਕਰ ਜਾਣੀਏ ਕੌਣ ਮਿਲਣਏ,

ਭਾਈ ਜੀ ਪੁੱਛਦੇ ਪੁੱਛਦੇ ਸ੍ਰੀ ਭੈਣੀ ਸਾਹਿਬ ਪਹੁੰਚ ਗਏ

ਸਤਿਗੁਰ ਮੇਰਾ ਦੀਨ ਦਇਆਲ,
ਲੱਧਾ ਰਾਮ ਦਾਸ ਪੁਰੇ ਵਿਚ ਭਾਲ.

ਰਾਮ ਦਾਸ ਪੁਰ - ਸ੍ਰੀ ਭੈਣੀ ਸਾਹਿਬ

ਸ੍ਰੀ ਭੈਣੀ ਸਾਹਿਬ ਪਹੁੰਚ ਕੇ ਜਦੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕੀਤੇ ਤਾਂ

**ਦਰਸਨਿ ਦੇਖਿਐ ਸਭੁ ਦੁਖੁ ਜਾਇ ॥** (ਪੰਨਾ ੧੧੪੯)

ਅਥਵਾ

**ਦਰਸਨ ਦੇਖਿ ਸੀਤਲ ਮਨ ਭਏ ॥**
**ਜਨਮ ਜਨਮ ਕੇ ਕਿਲਬਿਖ ਗਏ ॥** (ਪੰਨਾ ੨੦੨)

ਦਰਸ਼ਨ ਕਿਸ ਤਰ੍ਹਾਂ ਦੇ ਹੋਏ

ਦਰਸੇ ਗੁਰ ਮੂਰਤਿ ਭਗਵਾਨ
ਦਿਖੈ ਤੇਜ ਜਾ ਕੋ ਸਮ ਭਾਨ

ਜਦੋਂ ਸਤਿਗੁਰੂ ਜੀ ਦੇ ਦਰਸ਼ਨ ਕੀਤੇ ਤਾਂ ਉਸ ਸਰੀਰ ਵਿਚੋਂ ਭਗਵਾਨ ਦੇ ਪ੍ਰਤੱਖ ਦਰਸ਼ਨ ਹੋਏ, ਤੇਜ ਇੰਨਾ ਸੀ ਕਿ ਝੱਲਿਆ ਨਹੀਂ ਸੀ ਜਾਂਦਾ ਅਥਵਾ ਸੂਰਜ ਜੈਸਾ ਤੇਜ ਸੀ

Sri Satguru Jagjit Singh Ji Elibrary NamdhariElibrary@gmail.com

ਭਾਈ ਨੰਦ ਲਾਲ ਜੀ ਸਤਿਗੁਰੂ ਜੀ ਦੇ ਦਰਸ਼ਨ ਬਾਰੇ
ਲਿਖਦੇ ਹਨ ਆਈਨਾਏ ਖ਼ੁਦਾ ਨੁਮਾ ਹਸਤ ਰੂਏ ਤੋ

ਦੀਦਾਰੇ ਹਕ ਜ਼ਿ ਆਈਨਾਏ ਰੂਏ ਤੋ ਮੇਕੁਨੰਦ

ਭਾਵ ਸਤਿਗੁਰੂ ਜੀ ਦੇ ਦਰਸ਼ਨ, ਪ੍ਰਮੇਸ਼ਰ ਦੇ ਦਰਸ਼ਨ ਕਰਨ ਵਾਸਤੇ ਇਕ ਸ਼ੀਸ਼ਾ ਹੈ
ਅਥਵਾ ਸਤਿਗੁਰੂ ਜੀ ਦੇ ਦਰਸ਼ਨ ਕਰਨ ਨਾਲ ਪ੍ਰਮੇਸ਼ਰ ਦੇ ਦਰਸ਼ਨ ਹੋ ਜਾਂਦੇ ਹਨ।

ਇਕ ਥਾਂ ਇਸ ਤਰ੍ਹਾਂ ਵੀ ਲਿਖਿਆ ਹੈ

ਪਾਤਸ਼ਾਹੀਏ ਦੋ ਆਲਮ ਯਕ ਨਿਗਾਹੇ ਰੂਏ ਤੋ
(ਦੋ ਲੋਕਾਂ ਦੀ ਬਾਦਸ਼ਾਹੀ ਹੈ, ਦਰਸ਼ਨ ਰੂਪ ਪਿਅਰੇ ਦਾ)

ਬਦਰ ਪੇਸ਼ ਰੂਏ ਤੋ ਸ਼ਰਮਿੰਦਾ ਅਸਤ।

ਬਲਕਿ ਖੁਰਸ਼ੀਦੇ ਜਹਾਂ ਹਮ ਬੰਦਾ ਅਸਤ।

{ ਸੁੰਦਰ ਰੂਪ ਤੁਸਾਂ ਦਾ ਤੱਕ ਕੇ, ਚੰਦ ਪਿਆ ਸ਼ਰਮਾਂਦਾ ਏ
{ ਚੰਦ ਨਿਮਾਣੇ ਦੀ ਗਲ ਕੀ ਏ, ਸੂਰਜ ਭੀ ਘਬਰਾਂਦਾ ਏ } {ਪ੍ਰਿੰਸੀਪਲ ਗੰਗਾ ਸਿੰਘ ਜੀ}

ਭਾਵ ਕਿ ਜਦੋਂ ਭਾਈ ਸਾਹਿਬ ਜੀ ਨੇ ਸ੍ਰੀ ਭੈਣੀ ਸਾਹਿਬ ਪਹੁੰਚ ਕੇ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕੀਤੇ
ਤਾਂ ਉਤਰਿ ਗਈ ਸਭ ਮਨ ਕੀ ਚਿੰਦ ॥ (ਪੰਨਾ ੫੪੫

ਅਥਵਾ ਉਤਰਿ ਗਇਓ ਮੇਰੇ ਮਨ ਕਾ ਸੰਸਾ

ਜਬ ਤੇ ਦਰਸਨੁ ਪਾਇਆ ॥ (ਪੰਨਾ ੧੨੧੮

ਛਾਤੀ ਸੀਤਲ ਹੋ ਗਈ, ਮਨ ਦੀ ਬੇਚੈਨੀ ਦੂਰ ਹੋ ਗਈ

ਤਪਤਿ ਬੁਝੀ ਪੂਰਨ ਸਭ ਆਸਾ (ਪੰਨਾ ੧੧੪੩)

ਆਪ ਮੁਹਾਰੇ ਮੂੰਹੋਂ ਨਿਕਲ ਗਿਆ

ਸਫਲ ਸਫਲ ਭਈ ਸਫਲ ਜਾਤ੍ਰਾ (ਪੰਨਾ ੬੮੭)

ਆਪਣੇ ਆਪ ਨੂੰ ਬੜਾ ਕ੍ਰਿਤਾਰਥ ਹੋਇਆ ਸਮਝਿਆ। ਭੇਟਾ ਰਖਕੇ
ਸਤਿਗੁਰੂ ਜੀ ਦੇ ਚਰਨ ਕੰਵਲਾਂ ਤੇ ਨਮਸਕਾਰ ਕੀਤੀ।

Sri Satguru Jagjit Singh Ji Elibrary NamdhariElibrary@gmail.com

ਹੁਣ ਭਾਈ ਜੀ ਸੋਚਣ ਲਗੇ ਕਿ

"ਜਿਸੁ ਮਿਲਿਐ ਮਨਿ ਹੋਇ ਅਨੰਦੁ ਸੋ ਸਤਿਗੁਰੁ ਕਹੀਐ"

ਅਨੁਸਾਰ ਸੱਚੇ ਸਤਿਗੁਰੂ ਤਾਂ ਇਹ ਹੀ ਹਨ । ਫਿਰ ਬੜੀ ਅਧੀਨਗੀ ਸਹਿਤ ਬੇਨਤੀ ਕੀਤੀ

ਸਤਿਗੁਰ ਆਇਓ ਸਰਣਿ ਤੁਹਾਰੀ ॥

ਮਿਲੈ ਸੂਖੁ ਨਾਮੁ ਹਰਿ ਸੋਭਾ ਚਿੰਤਾ ਲਾਹਿ ਹਮਾਰੀ ॥

(ਪੰਨਾ ੭੧੩)

ਅਥਵਾ ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ ॥

ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ ॥

(ਪੰਨਾ ੨੮੯)

ਸਤਿਗੁਰੂ ਜੀ ਨੇ ਸ਼ੁੱਧ ਹਿਰਦਾ ਵੇਖਕੇ ਭਜਨ ਦੀ ਦਾਤ ਬਖਸ਼ੀ ।

ਹਰਿ ਨਾਮੁ ਦੀਆ ਗੁਰਿ ਪਰਉਪਕਾਰੀ

(ਪੰਨਾ ੫੮੨)

ਫਿਰ ਕੀ ਹੋਇਆ ?

ਮਨਹਿ ਪ੍ਰਗਾਸੁ ਭਇਓ ਭ੍ਰਮੁ ਨਾਸਿਓ ਮੰਤ੍ਰੁ ਦੀਓ ਗੁਰ ਕਾਨ

ਭਜਨ ਲੈਂਦਿਆਂ ਸਾਰ ਮਨ ਦੀ ਭਟਕਣਾ ਦੂਰ ਹੋ ਗਈ

ਤਪਤ ਕੜਾਹਾ ਬੁਝਿ ਗਿਆ

ਤਪਤ ਕੜਾਹਾ ਬੁਝਿ ਗਇਆ

ਗੁਰਿ ਸੀਤਲ ਨਾਮੁ ਦੀਓ

(ਪੰਨਾ ੧੦੦੨)

ਹੁਣ ਭਾਈ ਜੀ ਵਾਸਤੇ

ਕਤ ਜਾਈਐ ਰੇ ਘਰ ਲਾਗੋ ਰੰਗੁ ॥

ਮੇਰਾ ਚਿਤੁ ਨ ਚਲੈ ਮਨੁ ਭਇਓ ਪੰਗੁ ॥ ਵਾਲੀ ਗਲ ਸੀ ਕਿਤੇ ਜਾਣ ਜੋਗੇ ਹੀ ਨ ਰਹੇ । ਭਾਈ ਜੀ ਨੇ ਡੇਰਾ ਹੀ ਸ੍ਰੀ ਭੈਣੀ ਸਾਹਿਬ ਲਾ ਲਿਆ। ਭਜਨ ਕਰਦੇ ਰਹਿੰਦੇ ਜਾਂ ਪਾਠ ਕਰਦੇ ਰਹਿੰਦੇ ਜਾਂ ਸੇਵਾ ਕਰਦੇ ਰਹਿੰਦੇ । ਉਨ੍ਹਾਂ ਦਿਨਾਂ ਵਿਚ ਸਤਿਗੁਰ ਜੀ ਦੇ ਕੋਲ ਬਾਰਾਂ ਸਿੱਖ ਹੋਰ ਅਤੇ ਤੇਰਵੇਂ ਸਿੱਖ ਭਾਈ ਰਾਇ ਸਿੰਘ ਜੀ ਸਨ ।

ਕੁਝ ਸਮੇਂ ਉਪਰੰਤ ਇਕ ਦਿਨ ਭਾਈ ਜੀ ਨਾਲ ਬਚਨ ਕਰਦਿਆਂ ਸਤਿਗੁਰੂ ਜੀ ਨੇ ਕਹਿਆ ਕਿ ਜਿਹੜੀ ਰਹਿਤ ਮਰਯਾਦਾ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਬਖਸ਼ੀ ਸੀ, ਉਹ ਤਾਂ ਇਕ ਕਿਸਮ ਦੀ ਅਲੋਪ ਹੀ ਹੋ ਗਈ ਹੈ। ਜਿਸ ਮਰਯਾਦਾ ਦੇ ਧਾਰਨੀ ਹੋਣ ਕਰਕੇ ਸਿੱਖ ਸੱਚੇ ਅਤੇ ਸੁੱਚੇ ਸਨ, ਸੂਰਬੀਰ ਅਤੇ ਪਰਉਪਕਾਰੀ ਸਨ, ਉਹ ਮਰਯਾਦਾ ਤਾਂ ਸਿੱਖ ਉੱਕਾ ਹੀ ਤਿਆਗ ਬੈਠੇ ਹਨ। ਜਿਥੇ ਪਹਿਲੇ ਸਿਖ ਅੰਮ੍ਰਿਤ ਵੇਲੇ ਉਠਕੇ ਇਸ਼ਨਾਨ ਕਰ ਭਜਨ ਕਰਦੇ ਅਤੇ ਬਾਣੀ ਪੜ੍ਹਦੇ ਸਨ, ਉੱਥੇ ਹੁਣ ਵਾਲੇ ਸਿੱਖ ਤਾਂ

ਜਪੁਜੀ ਨ ਰਹਿਰਾਸ, ਪਢੈ ਸੁਣੈ ਕਭੀ ਖਾਸ,
ਔਰ ਜੋ ਪਢਤ ਪਾਸ, ਹਾਸ ਤਿਨ ਸੋਂ ਕਰੈਂ।
ਕਹਾਂ ਰਬ ਬਹਿਰਾ ਹੈ, ਗਹਿਰਾ ਪੁਕਾਰੇ ਜੋ ਤੂੰ

ਭਾਈ ਮੈਂ ਤਾਂ ਫੌਜ ਵਿਚ ਰਹਿੰਦਿਆਂ ਵੀ ਵੇਖਿਆ ਸੀ ਅਤੇ ਹੁਣ ਵੀ ਵੇਖਦਾ ਹਾਂ ਕਿ ਸਿੱਖ ਅਪਣੇ ਸੱਚੇ ਅਤੇ ਸੁੱਚੇ ਆਚਾਰ ਨੂੰ ਤਿਆਗ ਕੇ ਕੁਕਰਮ ਕਰਨ ਲਗ ਪਏ ਹਨ, ਖਾਣ ਪੀਣ ਦਾ ਕੋਈ ਪਰਹੇਜ਼ ਨਹੀਂ ਰਿਹਾ, ਨਸ਼ਿਆਂ ਦੀ ਵਰਤੋਂ ਹਦੋਂ ਵਧ ਹੋ ਗਈ ਹੈ, ਧਰਮ ਭਾਵਨਾ ਨਹੀਂ ਰਹੀ, ਪੰਜ ਕਕਾਰ ਵੀ ਤਿਆਗ ਬੈਠੇ ਹਨ, ਕਛਹਿਰੇ ਤਿਆਗ ਕੇ

ਧਾਰੇ ਹੈਂ ਗਰੇਰੇ, ਤੰਬੇ, ਤਹਿਮਤ, ਅਧਿਕ ਨੀਚੇ,

ਹੁਣ ਤਾਂ ਸਿੱਖ ਕੇਸਾਂ ਦੀ ਇੰਨੀ ਬੇਅਦਬੀ ਕਰਦੇ ਹਨ, ਕਿ

ਕਈ ਬਾਰ ਧਾਰੈਂ, ਹਰੈਂ, ਨਾਕ ਨੋਚੈਂ ਸੋਹਨੇ ਲੈਂ
ਕੋਊ ਦਾੜ੍ਹੇ ਹੀ ਉਖਾੜੈਂ, ਮੂਛੈਂ ਪਾੜੈਂ ਤਾੜਨ ਜਿਉ।

ਭਾਈ, ਹੁਣ ਤਾਂ ਸਿਖ ਮਾਸ ਖਾਣ ਵਿਚ ਫਖਰ ਸਮਝਦੇ ਹਨ ਅਤੇ ਸ਼ਰਾਬ ਪੀ ਕੇ ਰੰਗ ਰਲੀਆਂ ਮਾਨਣ ਵਿਚ ਇੱਜ਼ਤ ਅਤੇ ਵਡਿਆਈ ਸਮਝਦੇ ਹਨ

ਸਰਮ ਹਿਆਉ ਸੁਕਰਮ ਧਰਮ ਤਜ,
ਪੈ ਕੁਕਰਮ ਮੈਂ ਸੋਊ ਮਰੈਂ।

(ਗਿਆਨੀ ਗਿਆਨ ਸਿੰਘ ਜੀ)

Sri Satguru Jagjit Singh Ji Elibrary NamdhariElibrary@gmail.com

ਭਾਈ ਸੱਚ ਤਾਂ ਇਹ ਹੈ ਕਿ

ਸਿਖੀ ਦਸਮੇਸ ਕੀ, ਸੁ ਕੀ ਅਪਰਦੇਸ ਕੀ,

ਅਤੇ ਹੁਣ

ਅਸਿਖੀ ਪਰੀ ਪੇਸ਼ਗੀ

ਜਿਵੇਂ

ਛਿਨਾਰ ਬਨ ਠਨ ਕੇ (ਗਿਆਨੀ ਗਿਆਨ ਸਿੰਘ ਜੀ)

ਭਾਈ ਇਹ ਸਮਾਂ ਜਿਹੜਾ ਜਾ ਰਿਹਾ ਹੈ, ਇਸ ਬਾਰੇ ਸ੍ਰੀ ਗੁਰੂ ਨਾਨਕ ਦੇਵ ਜੀ ਤਾਂ ਪਹਿਲਾਂ ਹੀ ਕਹਿ ਗਏ ਹਨ ਕਿ ਇਕ ਸਮਾਂ ਐਸਾ ਆਵੇਗਾ ਕਿ

ਸਿੱਖ

ਬਚਨ ਪਾਲ ਨਹੀਂ ਸਕਣਗੇ

(ਇਸ ਲਈ) ਬਹੁਤ ਖਾਣਗੇ ਗਮ

ਭਾਈ ਹੁਣ ਇਹ ਹੀ ਸਮਾਂ ਜਾ ਰਿਹਾ ਹੈ ਅਤੇ ਅਗੋਂ ਵਾਸਤੇ ਸ੍ਰੀ ਗੁਰੂ ਜੀ ਕਹਿ ਗਏ ਹਨ ਕਿ

ਮੈਂ ਫੇਰ ਕਰੂੰਗਾ ਖਾਲਸਾ ਵੱਸੈ ਵਿਚ ਪੰਜਾਬ

ਅਤੇ

ਪੰਥ ਖਾਲਸਾ ਖੇਤੀ ਮੇਰੀ।

ਕਰਹੋਂ ਸੰਭਾਲਨ ਮੈਂ ਤਿਸ ਬੇਰੀ।

ਭਾਈ, ਉਹ ਸਮਾਂ ਹੁਣ ਆ ਗਿਆ ਹੈ, ਅਸੀ ਚਾਹੁੰਦੇ ਹਾਂ ਕਿ ਸਿੱਖਾਂ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਦੱਸੀ ਹੋਈ ਰਹਿਤ ਮਰਯਾਦਾ ਪ੍ਰਚਲਤ ਕੀਤੀ ਜਾਏ। ਉਹ ਮਰਯਾਦਾ ਸਾਨੂੰ ਪੰਜਾਬ ਵਿਚੋਂ ਤਾਂ ਕਿਤੋਂ ਵੀ ਨਹੀਂ ਮਿਲੀ। ਇੱਥੇ ਤਾਂ ਮਨਮਤੀਆਂ ਨੇ ਅਪਣੀ ਹੀ ਰਹਿਤ ਪਰਚਲਤ ਕਰ ਰਖੀ ਹੈ। ਮੇਰੇ ਖਿਆਲ ਵਿਚ ਗੁਰੂ ਜੀ ਦੀ ਰਹਿਤ ਮਰਯਾਦਾ ਸ੍ਰੀ ਹਜ਼ੂਰ ਸਾਹਿਬ ਜ਼ਰੂਰ ਹੋਵੇਗੀ। ਸੋ ਤੁਸੀਂ ਉਦਮ ਕਰੋ ਅਤੇ ਸ੍ਰੀ ਹਜ਼ੂਰ ਸਾਹਿਬ ਜਾ ਕੇ ਸਾਰੀ ਮਰਯਾਦਾ ਲਿਖ ਕੇ ਲਿਆਓ।

ਇਹ ਸੁਣਦਿਆਂ ਸਾਰ ਹੀ ਭਾਈ ਜੀ ਨੇ ਦੋਵੇਂ ਹੱਥ ਜੋੜ ਕੇ "ਸਤਿ ਬਚਨ" ਕਹਿਆ

ਫਿਰ ਸਤਿਗੁਰੂ ਜੀ ਭਾਈ ਜੀ ਨੂੰ ਸਮਝਾਇਆ ਕਿ ਤੁਸੀਂ ਉੱਥੇ ਕੁਝ ਦਿਨ ਰਹਿ ਕੇ ਵੇਖਣਾ ਕਿ ਸਿੱਖ ਕਿਸ ਤਰ੍ਹਾਂ ਇਸ਼ਨਾਨ ਪਾਣੀ ਕਰਦੇ ਹਨ? ਕਿੰਨਾ ਨਿੱਤ ਨੇਮ ਕਰਦੇ ਹਨ? ਕਿਹੜੀ ਕਿਹੜੀ ਬਾਣੀ ਪੜ੍ਹਦੇ ਹਨ? ਲੰਗਰ ਕਿਸ ਤਰ੍ਹਾਂ ਹੁੰਦਾ ਹੈ, ਗੁਰਪੁਰਬ ਕਿਸ ਤਰ੍ਹਾਂ ਮਨਾਉਂਦੇ ਹਨ। ਜਲੂਸ ਕਿਸ ਤਰ੍ਹਾਂ ਕੱਢਦੇ ਹਨ? ਹੋਰ ਜਿਹੜੀ ਮਰਯਾਦਾ ਉੱਥੋਂ ਦੀ ਹੋਵੇ ਸਾਰੀ ਲਿਖ ਕੇ ਲਿਆਉਣੀ।

ਹੋਰ ਜਿੰਨੇ ਦਿਨ ਵੀ ਉਥੇ ਰਵ੍ਹੋ, ਰੋਜ਼ ਕਥਾ ਕਰਨੀ, ਕਿਸੇ ਕਿਸਮ ਦਾ ਲੋਭ ਨਹੀਂ ਕਰਨਾ। ਜੋ ਕੋਈ ਕਥਾ ਭੇਟ ਹੋਵੇ ਸਾਰੀ ਉਥੇ ਮੱਥਾ ਟੇਕ ਆਉਣੀ

ਭਾਈ, ਇਕ ਗੱਲ ਹੋਰ ਵੀ ਯਾਦ ਰਖਣੀ ਕਿ ਉਥੋਂ ਦੇ ਵਸਨੀਕਾਂ ਦੇ ਕਹੇ ਕਹਾਏ ਉੱਥੇ ਸ਼ਾਦੀ ਨਹੀਂ ਕਰਵਾਉਣੀ। ਜੜ੍ਹ ਮਾਇਆ ਅਤੇ ਚੇਤੰਨ ਮਾਇਆ ਦੁਹਾਂ ਤੇ ਬਚ ਕੇ ਰਹਿਣਾ

ਇਸ ਪ੍ਰਸੰਗ ਨੂੰ ਸੰਤ ਧਿਆਨ ਸਿੰਘ ਜੀ ਇਸ ਤਰ੍ਹਾਂ ਲਿਖਦੇ ਹਨ :-

ਇਕ ਦਿਨ ਸਤਿਗੁਰ ਵਾਕ ਅਲਾਇਓ, ਰਾਇ ਸਿੰਘ ਕੋ ਪਾਸ ਬੁਲਾਇਓ ॥
ਕਹਿਓ ਜਾਹੁ ਸ੍ਰੀ ਅਬਿਚਲ ਨਗਰੀ, ਦਸਮੇਸ਼ਵਰ ਕੀ ਰੀਤੀ ਸਗਰੀ ॥
ਕਛੁਕ ਰੋਜ ਰਹਿ ਕਰ ਤਹਿ ਭਾਈ, ਲਿਖ ਲਿਆਵੇ ਰੀਤੀ ਸਮੁਦਾਈ
ਤੁਮ ਕੋ ਜੋ ਕੋ ਭੇਟ ਚੜ੍ਹਾਏ, ਉਹਾਂ ਕੀ ਉਹਾਂ ਦਿਹੁ ਲਾਏ
ਕੌਡੀ ਏਕ ਲਵੋ ਤੁਮ ਨਾਹੀ, ਸ਼ਾਦੀ ਭੀ ਕਰਵਾਇਓ ਨਾਹੀ

ਹੁਣ ਜ਼ਰਾ ਵੀਚਾਰੀਏ ਕਿ ਉਨ੍ਹਾਂ ਦਿਨਾਂ ਵਿਚ ਸ੍ਰੀ ਹਜ਼ੂਰ ਸਾਹਿਬ ਦਾ ਰਸਤਾ ਕਿਹੋ ਜੇਹਾ ਸੀ। ਕੋਈ ਸੜਕ ਨਹੀਂ ਸੀ। ਹਾਲਾਂ ਰੇਲ ਜਾਂ ਮੋਟਰ ਦਾ ਕੋਈ ਨਾਂ ਵੀ ਨਹੈ ਸੀ ਜਾਣਦਾ ਜੰਗਲੀ ਰਸਤਾ ਸੀ। ਰਾਹ ਵਿਚ ਜੰਗਲ ਵਿਚ ਭੀਲ ਰਹਿੰਦੇ ਸਨ, ਚੋਰ ਡਾਕੂ ਆਮ ਸਨ। ਜੰਗਲੀ ਜਾਨਵਰ ਵੀ ਜੰਗਲ ਵਿਚ ਆਪਣੇ ਆਹਾਰ ਲਈ ਜਤਨ ਕਰਦੇ ਰਹਿੰਦੇ ਸਨ। ਇਨ੍ਹਾਂ ਦਿਨਾਂ ਵਿਚ ਸ੍ਰੀ ਹਜ਼ੂਰ ਸਾਹਿਬ ਦੀ ਜਾਤ੍ਰਾ ਕਰਨੀ ਕੋਈ ਖਾਲਾ ਜੀ ਦਾ ਘਰ ਨਹੀਂ ਸੀ। ਜਦੋਂ ਕੋਈ ਜਾਂਦੇ ਸਨ ਤਾਂ ਪੰਜਾਹ ਸੱਠ ਆਦਮੀਆਂ ਦਾ ਜਥਾ ਬਣ ਕੇ ਅਤੇ ਹਥਿਆਰ ਬੰਦ ਹੋ ਕੇ ਜਾਂਦੇ ਸਨ।

ਧੰਨ ਸਨ ਭਾਈ ਰਾਇ ਸਿੰਘ ਜੀ, ਜਿਨ੍ਹਾਂ ਔੜੇ ਲੰਮੇ ਜੰਗਲੀ ਅਤੇ ਬਿਖਮ ਪੈਂਡੇ ਦੀ ਪਰਵਾਹ ਨ ਕਰਦਿਆਂ, ਸ੍ਰੀ ਸਤਿਗੁਰੂ ਜੀ ਦੇ ਹੁਕਮ ਨੂੰ ਸਿਰ ਮੱਥੇ ਮੰਨਦਿਆਂ ਕੋਈ ਉਜ਼ਰ ਨਹੀਂ ਸੀ ਕੀਤਾ ਅਤੇ

ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ

ਨੂੰ ਮੁਖ ਰਖਦਿਆਂ ਅਤੇ ਅਪਣੇ ਚੰਗੇ ਭਾਗ ਸਮਝਦਿਆਂ, ਝੱਟ ਸ੍ਰੀ ਹਜ਼ੂਰ ਸਾਹਿਬ ਜਾਣ ਲਈ ਤਿਆਰ ਹੋ ਗਏ। ਸਾਰੀ ਤਿਆਰੀ ਕਰਕੇ, ਰਾਹ ਵਾਸਤੇ ਖਰਚਾ ਲੈ ਕੇ, ਅਰਦਾਸ ਕਰਕੇ ਜਦੋਂ ਟੁਰਨ ਲਗੇ ਤਾਂ ਸਤਿਗੁਰੂ ਜੀ ਦੇ ਚਰਨਾਂ ਤੇ ਮੱਥਾ ਟੇਕਿਆ ਅਤੇ ਬੇਨਤੀ ਕੀਤੀ :-

ਸੋ ਪੈ ਕ੍ਰਿਪਾ ਦ੍ਰਿਸ਼ਟ ਪ੍ਰਭ ਕਰੀਏ।
ਦੀਨ ਦਾਸ ਕੇ ਸਿਰ ਕਰ ਧਰੀਏ।

ਸ੍ਰੀ ਸਤਿਗੁਰੂ ਜੀ ਨੇ ਭਾਈ ਜੀ ਦਾ ਹੌਂਸਲਾ ਵਧਾਉਣ ਵਾਸਤੇ ਭਾਈ ਜੀ ਦੇ ਸਿਰ ਤੇ ਹੱਥ ਧਰਿਆ

## ਸਮਰਥ ਗੁਰੂ ਸਿਰਿ ਹਥੁ ਧਰੵਉ । ਪੰਨਾ ੧੪੦੦

ਹੁਣ ਤੁਸੀ ਆਪ ਹੀ ਸੋਚੋ ਕਿ ਜਦੋਂ ਸਮਰਥ ਸਤਿਗੁਰੂ ਜੀ ਨੇ ਭਾਈ ਜੀ ਦੇ ਸਿਰ ਉੱਤੇ ਹੱਥ ਧਰ ਦਿੱਤਾ ਸੀ ਤਾਂ ਫਿਰ ਭਾਈ ਜੀ ਨੂੰ ਡਰ ਅਥਵਾ ਪਰਵਾਹ ਕਿਸ ਦੀ ਹੋਣੀ ਸੀ

## ਤਾਂਹਿ ਕਹਾ ਪਰਵਾਹ ਕਾਹੂ ਕੀ ਜਾ ਕੈ ਬਸੀਸਿ ਧਰਿਓ ਗੁਰਿ ਹਥੁ ॥

ਸ੍ਰੀ ਸਤਿਗੁਰੂ ਜੀ ਨੇ ਭਾਈ ਜੀ ਨੂੰ ਤੁਰਨ ਸਮੇਂ ਅਸ਼ੀਰਵਾਦ (ਪੰਨਾ ੧੪੦੫) ਦੇਂਦਿਆਂ ਇਹ ਪੱਕੀ ਕੀਤੀ ਸੀ ਕਿ ਉਥੇ ਵਿਆਹ ਨਹੀਂ ਕਰਵਾਉਣਾ ਅਤੇ ਨਾ ਹੀ ਕੋਈ ਭੇਟਾ ਲੈਣੀ ਹੈ । ਕਿਸੇ ਕਿਸਮ ਦੀ ਚਿੰਤਾ ਨਹੀਂ ਕਰਨੀ ਸਤਿਗੁਰੂ ਤੁਹਾਡੇ ਅੰਗ ਸੰਗ ਹੋਣਗੇ । **ਜਾਹੁ ਗੁਰੂ ਰਖਵਾਲੇ ਤੇਰੇ**

ਪਰ ਇਹ ਜ਼ਰੂਰ ਯਾਦ ਰਖਣਾ **ਅੰਤਰਿ ਨਾ ਭੁਲੋ ਧਰਮ ਮੇਰੇ ।**

ਸ੍ਰੀ ਸਤਿਗੁਰੂ ਜੀ ਨੂੰ ਸੀਸ ਨਿਵਾ ਕੇ ਨਮਸਕਾਰ ਕਰਕੇ ਭਾਈ ਜੀ ਤੁਰ ਪਏ । ਇਕ ਤਾਂ ਭਾਈ ਜੀ ਦੇ ਮਨ ਅੰਦਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਦਵਾਰੇ ਦੇ ਦਰਸ਼ਨ ਕਰਨ ਦਾ ਚਾਅ ਸੀ, ਦੂਜਾ ਸ੍ਰੀ ਸਤਿਗੁਰੂ ਜੀ ਦਾ ਮਿਹਰ ਭਰਿਆ ਹੱਥ ਸਿਰ ਤੇ ਸੀ ਅਤੇ ਤੀਜਾ ਉਹ ਕਦੇ ਨਾਮ ਜਪਦੇ ਜਾ ਰਹੇ ਸਨ ਅਤੇ ਕਦੇ ਬਾਣੀ ਦਾ ਪਾਠ ਕਰਦੇ ਜਾ ਰਹੇ ਸਨ। ਬੜੀ ਆਸਾਨੀ ਨਾਲ ਜਾ ਰਹੇ ਸਨ । ਕੋਈ ਡਰ ਅਥਵਾ ਕੋਈ ਤਕਲੀਫ ਨਹੀਂ ਸੀ । ਗੁਰਬਾਣੀ ਦੀਆਂ ਇਹ ਤੁਕਾਂ ਪਰਤੱਖ ਦਿਸ ਰਹੀਆਂ ਸਨ

## ਜਹ ਮਹਾ ਭਇਆਨ ਤਪਤਿ ਬਹੁ ਘਾਮ ॥

## ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ ॥

ਭਾਈ ਜੀ, ਅਪਣੇ ਰੰਗ ਵਿਚ ਮਸਤ ਅਪਣੇ ਪੈਂਡੇ ਜਾ ਰਹੇ ਸਨ । ਰਾਹ ਵਿਚ ਅਪਣੇ ਅਪਣੇ ਵਿਹਾਰਾਂ ਵਾਸਤੇ ਆਉਂਦੇ ਜਾਂਦੇ ਕਈ ਆਦਮੀ ਮਿਲੇ। ਜਦੋਂ ਕੁਝ ਕੂ ਦੂਰ ਗਏ ਤਾਂ ਨਦੇੜ ਵਾਲੇ ਪਾਸੇ ਜਾਣ ਵਾਲਾ ਇਕ ਆਦਮੀ ਮਿਲ ਪਿਆ । ਸਾਥ ਦਾ ਹੋਣਾ ਤਾਂ ਚੰਗਾ ਸੀ ਪਰ ਉਹ ਹੈ ਕੁਸੰਗੀ ਸੀ ਖੈਰ ਇਕੱਠੇ ਹੀ ਸਫਰ ਕਰਨ ਲਗ ਪਏ । ਭਾਵੇਂ ਭਾਈ ਜੀ ਅਪਣਾ ਨਿਤ ਨੇਮ ਕਰਦੇ ਜਾ ਰਹੇ, ਪਰ ਕਦੇ ਕਦੇ ਇਸ ਸਾਥੀ ਨਾਲ ਗੱਲ ਬਾਤ ਵੀ ਕਰ ਲੈਂਦੇ ਸਨ

ਗੁਰਬਾਣੀ ਵਿਚ ਲਿਖਿਆ ਹੈ

ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ

ਕਿਉਂ ਜੋ ਭਗਤਾਂ ਨੇ ਤਾਂ ਸਤਸੰਗ ਵਾਲੀਆਂ ਹੀ ਗੱਲਾਂ ਕਰਨੀਆਂ ਹੁੰਦੀਆਂ ਹਨ ਅਤੇ ਸੈਸਾਰੀਆਂ ਨੇ ਮਾਇਆ ਦੀਆਂ ਹੀ ਗੱਲਾਂ ਕਰਨੀਆਂ ਹੁੰਦੀਆਂ ਹਨ
ਜਦੋਂ ਭਾਈ ਜੀ ਸਤਸੰਗ ਵਾਲੀ ਕੋਈ ਗਲ ਕਰਦੇ ਤਾਂ ਇਹ ਸਾਥੀ ਉਲਟਾ ਟਿਚਕਰਾਂ ਹੀ ਕਰਦਾ। ਸ਼ਾਇਦ ਭਗਤ ਕਬੀਰ ਜੀ ਨੇ ਇਸੇ ਵਾਸਤੇ ਲਿਖਿਆ ਹੈ

ਸਾਕਤ ਸੰਗੁ ਨ ਕੀਜੀਐ ਜਾ ਤੇ ਹੋਇ ਬਿਨਾਹੁ।

ਮਨੋ ਤਾਂ ਭਾਈ ਜੀ ਉਸ ਨਾਲ ਸਫਰ ਕਰਨਾ ਪਸੰਦ ਨਹੀਂ ਸਨ ਕਰਦੇ ਪਰ ਸਾਥ ਬਣੇ ਹੋਇ ਕਰ ਕੇ ਉਸ ਦੇ ਨਾਲ ਟੁਰੀ ਜਾ ਰਹੇ ਸਨ।

ਜਦੋਂ ਭਾਈ ਜੀ, ਸ੍ਰੀ ਭੈਣੀ ਸਾਹਿਬ ਤੋਂ ਲੈ ਕੇ ਤਕਰੀਬਨ ੮੦੦ ਕੋਹ ਚਲ ਚੁਕੇ ਸਨ ਤਾਂ ਅਗੋਂ ਰਸਤਾ ਜੰਗਲੀ ਸੀ। ਭਾਈ ਜੀ ਡਰੇ ਨਹੀਂ ਸਨ ਅਤੇ ਸਾਥੀ ਨਾਲ ਸਫਰ ਕਰੀ ਜਾ ਰਹੇ ਸਨ। ਰਾਹ ਵਿਚ ਇਨ੍ਹਾਂ ਨੂੰ ਇਕ ਹੋਰ ਆਦਮੀ ਮਿਲਿਆ ਉਹ ਉਸ ਜੰਗਲੀ ਰਸਤੇ ਬਾਰੇ ਕੁਝ ਜਾਣਦਾ ਸੀ। ਉਹਨੇ ਇਨ੍ਹਾਂ ਨੂੰ ਕਹਿਆ ਕਿ ਭਾਈਓ ਇਸ ਜੰਗਲ ਵਿਚ ਬੜਾ ਭਾਰੀ ਸ਼ੇਰ ਹੈ, ਰਾਤ ਪੈਣ ਲਗੀ ਹੈ, ਤੁਸੀਂ ਛੇਤੀ ਛੇਤੀ ਕਿਸੇ ਚੌਕੀ ਵਿਚ ਪਹੁੰਚ ਜਾਓ। ਇਹ ਚੌਕੀਆ ਸਰਕਾਰ ਵਲੋਂ ਮੁਸਾਫਰਾਂ ਵਾਸਤੇ ਬਣਾਈਆਂ ਹੋਈਆਂ ਹਨ। ਇਨ੍ਹਾਂ ਚੌਕੀਆਂ ਤੇ ਸਪਾਹੀਆਂ ਦਾ ਪਹਿਰਾ ਵੀ ਹੈ। ਮੈਂ ਤੁਹਾਡੇ ਭਲੇ ਵਾਸਤੇ ਕਹਿੰਦਾ ਹਾਂ ਕਿ ਰਾਤ ਕਿਸੇ ਚੌਕੀ ਵਿਚ ਕੱਟਣੀ। ਚੌਕੀ ਤੋਂ ਬਾਹਰ ਨਹੀਂ ਸੌਣਾ।
ਸੰਤ ਧਿਆਨ ਸਿੰਘ ਜੀ ਲਿਖਦੇ ਹਨ

ਜੰਗਲ ਰਾਹਿ ਮਾਹਿ ਤਹਿ ਆਯੋ ॥
ਕੋਈ ਮਿਲਾ, ਤਿਸ ਇਨੈ ਸੁਨਾਇਓ ॥
ਇਸ ਬਨ ਮੈਂ ਹੈ ਕੇਹਰ ਭਾਰੀ॥ ਗੋਰੇ ਤਾਹਿ ਕਰੇਂ ਰਖਵਾਰੀ॥
ਆਈ ਤੁਮ ਕੋ ਰਾਤ ਨਜੀਕੈ॥ ਚੌਕੀ ਪਰ ਰਹਿਨਾ ਤੁਮ ਨੀਕੇ॥

ਇਸ ਆਦਮੀ ਦੀ ਚਿਤਾਵਣੀ ਸੁਣ ਕੇ ਭਾਈ ਰਾਇ ਸਿੰਘ ਜੀ ਨੇ ਅਪਣੇ ਸਾਥੀ ਨੂੰ ਕਿਹਾ ਕਿ ਸਾਨੂੰ ਠੀਕ ਕਿਸੇ ਚੌਕੀ ਵਿਚ ਹੀ ਰਾਤ ਕੱਟਣੀ ਚਾਹੀਦੀ ਹੈ ਉਥੇ ਨਾਲੇ ਸੌਣ ਨੂੰ ਥਾਂ ਮਿਲ ਜਾਏਗੀ ਅਤੇ ਨਾਲੇ ਜਾਨਵਰਾਂ

ਦੇ ਖਤਰੇ ਤੋਂ ਬਚੇ ਰਹਾਂਗੇ ਨਹੀਂ ਤਾਂ ਸਾਰੀ ਰਾਤ ਡਰ ਨਾਲ ਕੰਬਦੇ ਹੀ ਰਹਾਂਗੇ। ਸਾਰੀ ਰਾਤ ਇਹ ਹੀ ਡਰ ਰਹੇਗਾ, ਕਿ

ਸੋਇ ਪਰੇ ਲੈ ਹੈ ਮਤ ਖਾਇ।

ਇਹ ਸੁਣਦਿਆਂ ਸਾਰ ਹੀ ਉਹ ਸਾਥੀ ਕਹਿਣ ਲੱਗਾ, ਓਇ ਰਾਇ ਸਿੰਘਾ! ਤੇਰਾ ਨਾਉ ਤਾਂ ਸਿੰਘ ਹੈ ਪਰ ਤੇਰੇ ਵਿਚ ਤਾਂ ਇਕ ਚੀਟੀ ਜਿੰਨਾਂ ਵੀ ਬਲ ਨਹੀਂ ਜਾਪਦਾ। ਤੂੰ ਸ਼ੇਰ ਦਾ ਮੁਕਾਬਲਾ ਕੀ ਕਰਨਾ ਹੈ ਤੂੰ ਤਾਂ ਸ਼ੇਰ ਦਾ ਨਾਂ ਹੀ ਸੁਣ ਕੇ ਡਰ ਗਿਆ ਹਾਂ। ਮੈਂ ਸੁਣਦਾ ਤਾਂ ਹੁੰਦਾ ਸਾਂ ਕਿ

'ਕਛਾਂ ਵਾਲੇ ਹੋਣ ਡਰਾਕਲ' ਪਰ ਮੈਂ

ਯਕੀਨ ਨਹੀਂ ਸਾਂ ਕਰਦਾ ਪਰ ਅੱਜ ਤੇਰੀਆਂ ਗਲਾਂ ਸੁਣ ਕੇ ਨਿਸਚਾ ਹੋ ਗਿਆ ਹੈ ਕਿ ਠੀਕ ਕਛਾਂ ਵਾਲੇ ਡਰਾਕਲ ਹੀ ਹੁੰਦੇ ਹਨ। ਤੂੰ ਹੌਸਲਾ ਰਖ, ਇੰਨਾ ਕਿਉਂ ਡਰਦਾ ਹੈ? ਮੈਂ ਵੀ ਤਾਂ ਤੇਰੇ ਨਾਲ ਹੀ ਹਾਂ। ਤੂੰ ਤਾਂ ਗੁਰੂ ਗੋਬਿੰਦ ਸਿੰਘ ਦਾ ਸਿੱਖ ਹੈਂ ਕੱਛ ਵੀ ਪਾਈ ਹੋਈ ਹੈ ਫਿਰ ਕਿਉਂ ਡਰਦਾ ਹੈ?

ਭਾਈ ਰਾਇ ਸਿੰਘ ਜੀ ਸਾਥੀ ਦੇ ਬਚਨ ਸੁਣ ਕੇ ਚੁੱਪ ਹੀ ਹੋ ਗਏ ਦਿਲ ਵਿਚ ਸੋਚਣ ਲਗੇ ਕਿ ਭਗਤ ਕਬੀਰ ਜੀ ਨੇ ਠੀਕ ਹੀ ਲਿਖਿਆ ਹੈ ਕਿ

**ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ॥**
**ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ॥**
(ਪੰਨਾ ੧੩੭੧)

ਹੁਣ ਤਾਂ ਮੂਰਖ ਨਾਲ ਚੰਗੇਰੀ ਚੁਪ (ਭਾਈ ਗੁਰਦਾਸ ਜੀ)

ਟੁਰਦਿਆਂ ਟੁਰਦਿਆਂ ਰਾਤ ਪੈ ਗਈ, ਹਨੇਰਾ ਹੋ ਗਿਆ ਅਤੇ ਦੋਵੇਂ ਜੰਗਲ ਵਿਚ ਚੌਕੀ ਤੋਂ ਕਿਤੇ ਬਾਹਰ ਹੀ ਸੌਂ ਗਏ। ਸੁੱਤਿਆਂ ਨੂੰ ਹਲੀ ਇਕ ਪਹਿਰ ਹੀ ਹੋਇਆ ਸੀ ਕਿ ਇਕ ਭਿਆਨਕ ਸ਼ੇਰ ਉਸ ਪਾਸੇ ਵਲ ਆ ਨਿਕਲਿਆ ਇਸ ਸ਼ੇਰ ਆਉਂਦਿਆਂ ਸਾਰ ਹੀ ਕੁਸੰਗੀ ਸਾਥੀ ਦੀ ਗਰਦਨ ਫੜ ਲਈ ਅਤੇ ਮਾਰ ਦਿੱਤਾ ਅਤੇ ਉਸਦਾ ਮਾਸ ਖਾਣ ਲਗ ਪਿਆ। ਨੇੜੇ ਹੀ ਲੇਟੇ ਹੋਏ ਭਾਈ ਰਾਇ ਸਿੰਘ ਜੀ ਇਹ ਸਭ ਕੁਝ ਵੇਖ ਰਹੇ ਸਨ ਅਤੇ ਮਨ ਵਿਚ ਡਰ ਰਹੇ ਸਨ ਕਿ ਸ਼ੇਰ ਸ਼ਾਇਦ ਮੇਰਾ ਵੀ ਇਹੀ ਹਾਲ ਕਰੇਗਾ। ਹੁਣ ਭਾਈ ਜੀ ਨਾ ਤਾਂ ਭਜ ਕੇ ਕਿਤੇ ਜਾ ਸਕਦੇ ਸਨ ਅਤੇ ਨਾ ਹੀ ਲੁਕ ਸਕਦੇ ਸਨ, ਮਨ ਵਿਚ ਡਰ ਸੀ ਕਿ ਜਰਾ ਵੀ ਹਿਲਿਆ ਤਾਂ ਜਾਨ ਦੀ ਖੈਰ ਨਹੀਂ। ਖਿਆਲ ਆਇਆ ਕਿ ਸ੍ਰੀ ਸਤਿਗੁਰੂ ਅਰਜਨ ਦੇਵ ਜੀ ਨੇ ਲਿਖਿਆ ਹੈ ਕਿ

ਮਤਾ ਮਸੂਰਤਿ ਅਵਰ ਸਿਆਨਪ ਜਨ ਕਉ ਕਛੂ ਨ ਆਇਓ,
ਜਹ ਜਹ ਅਉਸਰੁ ਆਇ ਬਨਿਓ ਹੈ ਤਹਾ ਤਹਾ ਹਰਿ ਧਿਆਇਓ,
ਫਿਰ ਯਾਦ ਆਇਆ ਕਿ ਜਦੋਂ ਦ੍ਰੋਪਤੀ ਤੇ ਬਿਪਤਾ ਬਣੀ ਸੀ ਤਾਂ ਉਸਨੇ (ਪੰਨਾ ੪੯੮)
ਭਗਵਾਨ ਨੂੰ ਯਾਦ ਕੀਤਾ ਸੀ ਅਥਵਾ

"ਅੱਖੀ ਮੀਟ ਧਿਆਨੁ ਧਰਿ ਹਾਹਾ ਕ੍ਰਿਸਨ ਕਰੈ ਬਿਲਲਾਂਦੀ
ਅਤੇ ਬੇਨਤੀ ਕੀਤੀ ਸੀ ਦੀਨਾ ਨਾਥ ਦਿਆਲ ਜੀ, ਤੁਧੁ ਬਿਨ ਅਵਰ ਨ ਓਟ
ਤਾਂ ਫਿਰ ਤਾਂ ਤੇ ਸਭਾ ਮਧਿ, ਬਹਿਓ ਬਸਨ ਪ੍ਰਵਾਹ ਜੀ ॥

ਭਾਈ ਜੀ ਭਾਵੇਂ ਪਹਿਲਾਂ ਹੀ ਭਜਨ ਕਰ ਰਹੇ ਸਨ ਪਰ ਹੁਣ ਮੌਤ ਰੂਪੀ ਸ਼ੇਰ ਨੂੰ ਵੇਖਦਿਆਂ ਹੋਇਆਂ ਬਹੁਤ ਡਰ ਰਹੇ ਸੀ। ਬੜੇ ਦੀਨ ਹੋ ਕੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਯਾਦ ਕੀਤਾ ਅਤੇ ਕੁਝ ਇਸ ਤਰ੍ਹਾਂ ਅਰਦਾਸ ਕੀਤੀ :-

ਗੁਰੂ ਰਾਮ ਸਿੰਘ ਬਿਰਦ ਸਮ੍ਹਾਰੋ,
ਅਉਗੁਣ ਮੇਰੇ ਰਿਦੇ ਨ ਧਾਰੋ।
ਸਿੰਘਹਿ ਤੇ ਨਿਜ ਸਿੰਘ ਬਚਾਵੋ,
ਸ੍ਰੀ ਅਬਿਚਲ ਨਗਰੀ ਪਹੁੰਚਾਵੋ।

ਕਹਿੰਦੇ ਹਨ ਅਪੁਨੇ ਸੇਵਕ ਕੀ ਆਪੇ ਰਾਖੈ,
ਆਪੇ ਨਾਮੁ ਜਪਾਵੈ ॥
ਜਹ ਜਹ ਕਾਜ ਕਿਰਤਿ ਸੇਵਕ ਕੀ, ਤਹਾ ਤਹਾ ਉਠਿ ਧਾਵੈ ॥੧॥
ਸੇਵਕ ਕਉ ਨਿਕਟੀ ਹੋਇ ਦਿਖਾਵੈ ॥
ਜੋ ਜੋ ਕਹੈ ਠਾਕੁਰ ਪਹਿ ਸੇਵਕੁ, ਤਤਕਾਲ ਹੋਇ ਆਵੈ ॥੧॥ ਰਹਾਉ ॥
(ਪੰਨਾ ੪੦੩)

Sri Satguru Jagjit Singh Ji Elibrary NamdhariElibrary@gmail.com

ਅਥਵਾ

## ਪ੍ਰਭ ਦਾਸ ਕਾ ਦੂਖੁ ਨ ਖਵਿ ਸਕਹਿ (ਪੰਨਾ ੫੨੪)

ਅਥਵਾ

## ਦਾਸ ਅਪਨੇ ਕੀ ਪੀਰ ਨ ਦੇਖੈ

ਸ੍ਰੀ ਕ੍ਰਿਸ਼ਨ ਮਹਾਰਾਜ ਜੀ ਨੇ ਅਰਜਨ ਨੂੰ ਕਿਹਾ ਸੀ

## ਜਹਿ ਜਹਿ ਭੀੜ ਬਣੇ ਭਗਤਨ ਕੇ ਤਹਾਂ ਤਹਾਂ ਉਠ ਧਾਊ

ਭਾਵ ਇਹ ਹੈ ਕਿ ਜਿੱਥੇ ਜਿੱਥੇ ਵੀ ਸੰਕਟ ਸਮੇਂ ਕਿਸੇ ਵੀ ਭਗਤ ਨੇ ਭਗਵਾਨ ਨੂੰ ਯਾਦ ਕੀਤਾ ਉੱਥੇ ਉੱਥੇ ਹੀ ਭਗਵਾਨ ਨੇ ਤਤਕਾਲ ਪਹੁੰਚ ਕੇ ਅਪਣੇ ਭਗਤ ਦੀ ਰਖਿਆ ਕੀਤੀ

ਸੰਕਟ ਸਿੰਘਨ ਕੋ ਸਹਿ ਨਾਹੀ ।
ਹੋਇ ਸਹਾਇਕ ਨਿਜ ਬਲ ਬਾਹੀ ।

ਅਪਣੀ ਪ੍ਰਤਿੱਗਿਆ ਅਨੁਸਾਰ ਹੀ ਤਾਂ ਭਗਤ ਪ੍ਰਹਿਲਾਦ ਜੀ ਦੀ ਰਖਿਆ ਕੀਤੀ ਸੀ

## ਥੰਮ ਪਾੜਿ ਪਰਗਟਿਆ ਨਰਸਿੰਘ ਰੂਪ ਅਨੂਪ ਅਨਾਦਿ

ਅਤੇ ਫਿਰ

## ਹਰਨਾਖਸੁ ਛੇਦਿਓ ਨਖ ਬਿਦਾਰ

ਅਪਣੀ ਪ੍ਰਤਿੱਗਿਆ ਅਨੁਸਾਰ ਹੀ ਭਾਈ ਮਰਦਾਨੇ ਨੂੰ ਕੌਡੇ ਰਾਖਸ਼ ਕੋਲੋਂ ਬਚਾਇਆ ਸੀ ਅਤੇ ਦ੍ਰੋਪਤੀ ਦੀ ਸਭਾ ਵਿਚ ਲਾਜ ਰਖੀ ਸੀ

## ਬਸਤ੍ਰ ਛੀਨਤ ਦ੍ਰੋਪਤੀ ਰਖੀ ਲਾਜ (ਪੰਨਾ ੧੧੯੨

ਅਪਣੀ ਪ੍ਰਤਿੱਗਿਆ ਅਨੁਸਾਰ ਹੀ ਤਾਂ ਰਾਜ਼ਨੀ ਵਿਚ ਭਾਈ ਤਿਲੋਕੇ ਦੀ ਕਾਠ ਦੀ ਤਲਵਾਰ ਨੂੰ ਐਸਾ ਲਿਸ਼ਕਾਇਆ ਕਿ ਸਭ ਦੀਆਂ ਅੱਖਾਂ ਚੁੰਧਿਆ ਗਈਆਂ ।

ਇਸੇ ਅਪਣੀ ਪ੍ਰਿਤੱਗਿਆ ਅਨੁਸਾਰ ਹੀ ਭਗਵਾਨ ਅਥਵਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਚੀਨੀ ਘੋੜੀ ਤੇ ਸਵਾਰ ਹੋ ਕੇ ਤਤਕਾਲ ਅਪਣੇ ਸੇਵਕ ਕੋਲ ਪਹੁੰਚ ਕੇ ਦੁਹਾਂ ਸਿੰਘਾਂ ਦੇ ਵਿਚਾਲੇ ਘੋੜੀ ਖੜੀ ਕਰ ਦਿੱਤੀ ਭਾਵ ਸ਼ੇਰ (ਸਿੰਘ) ਅਤੇ ਭਾਈ ਰਾਇ ਸਿੰਘ ਜੀ ਦੇ ਵਿਚਾਲੇ ਘੋੜੀ ਖੜੀ ਕਰ ਦਿੱਤੀ । ਹਨੇਰੇ ਵਿਚ ਪ੍ਰਕਾਸ਼ ਹੁੰਦਿਆਂ ਸਾਰ ਭਾਈ ਜੀ ਨੂੰ ਚੀਨੀ ਘੋੜੀ ਤੇ ਸਵਾਰ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਹੋਏ, ਸਾਰੇ ਡਰ ਦੂਰ ਹੋ ਗਏ

## ਦਰਸਨੁ ਦੇਖਿ ਸਗਲ ਦੁਖ ਨਾਸਹਿ

Sri Satguru Jagjit Singh Ji Elibrary NamdhariElibrary@gmail.com

[illegible]



[illegible]

ਭਾਈ ਜੀ ਝਟ ਉਠਕੇ ਸਤਿਗੁਰੂ ਜੀ ਦੇ ਚਰਨਾਂ ਨਾਲ ਲਿਪਟ ਗਏ

# ਦੌਰ ਤਬੈ ਪਗ ਪਰ ਲਪਟਾਯਾ

ਡਰ ਨਾਲ ਸਹਿਮੇ ਹੋਏ ਭਾਈ ਜੀ ਦੇ ਸਿਰ ਤੇ ਹੱਥ ਧਰਦਿਆਂ ਸ੍ਰੀ ਸਤਿਗੁਰੂ ਜੀ ਨੇ ਕਹਿਆ, "ਭਾਈ, ਤੂੰ ਇੰਨਾ ਕਿਉਂ ਡਰਦਾ ਹੈਂ, ਫਿਕਰ ਨ ਕਰ, ਤੇਰੇ ਗੁਰੂ ਰਾਖੇ ਹਨ।"

ਭਾਈ ਜੀ ਨੇ ਬੜੀ ਹਲੀਮੀ ਸਹਿਤ ਬੇਨਤੀ ਕੀਤੀ, ਤੁਸੀਂ ਤਾਂ

"**ਘਟ ਘਟ ਕੇ ਅੰਤਰ ਕੀ ਜਾਨਤ**" ਵਾਲੇ ਹੋ ਤੁਹਾਥੋਂ ਕੀ ਛੁਪਿਆ ਹੈ ? ਮੈਂ ਮੂੜ੍ਹ ਆਪ ਜੀ ਦੀ ਗਤਿ ਮਿਤਿ ਕਿਵੇਂ ਜਾਣ ਸਕਦਾ ਹਾਂ ? ਸੱਚੇ ਪਾਤਸ਼ਾਹ ਜੀ, ਤੁਸੀਂ ਜਾਣਦੇ ਹੀ ਹੋ ਕਿ ਜਾਨ ਸਭ ਨੂੰ ਪਿਆਰੀ ਹੁੰਦੀ ਹੈ। ਮੈਂ ਤਾਂ ਇਸ ਭਿਆਨਕ ਸ਼ੇਰ ਨੂੰ ਵੇਖਕੇ ਆਪਣੇ ਬਚਣ ਦੀ ਆਸ ਹੀ ਛਡ ਬੈਠਾ ਸਾਂ। ਧੰਨ ਤੁਸੀਂ ਹੋ ਜਿਨ੍ਹਾਂ ਆਪਣੇ ਬਿਰਦ ਦੀ ਲਾਜ ਰਖਣ ਹਿਤ ਅਥਵਾ ਮੈਨੂੰ ਬਚਾਉਣ ਵਾਸਤੇ ਪਤਾ ਨਹੀਂ ਕਿੰਨੀ ਦੂਰੋਂ ਆਕੇ ਇਸ ਅਲਪਗ ਜੀਵ ਨੂੰ ਦਰਸ਼ਨ ਦਿੱਤੇ ਹਨ। ਤੁਸਾਂ ਤਾਂ ਗੁਰਬਾਣੀ ਦੀ ਇਸ ਤੁਕ ਨੂੰ ਪ੍ਰਤੱਖ ਕਰਕੇ ਵਿਖਾ ਦਿੱਤਾ ਹੈ

# ਮਿਰਤਕ ਕਉ ਪਾਇਓ ਤਨਿ ਸਾਸਾ ॥ (ਪੰਨਾ ੬੨੪)

ਸ੍ਰੀ ਸਤਿਗੁਰੂ ਜੀ ਨੇ ਭਾਈ ਨੂੰ ਧੀਰਜ ਦੇਂਦਿਆਂ ਕਿਹਾ ਭਾਈ

# "ਜਾ ਕੋ ਰਾਖੇ ਸਾਂਵਰਾ ਮਾਰ ਨ ਸਾਕੈ ਕੋਇ"

ਇਕ ਸ਼ੇਰ ਕੀ ਉਥੇ ਤਾਂ

# ਬਾਲ ਨ ਬਾਂਕਾ ਕਰ ਸਕੈ

ਭਾਵੇਂ **ਸਭ ਜਗ ਵੈਰੀ ਹੋਇ।**

ਤੂੰ ਇਹ ਸਦਾ ਯਾਦ ਰਖ :-

# ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ

ਭਾਈ, ਤੇਰਾ ਭਰਮ ਦੂਰ ਕਰਨ ਵਾਸਤੇ ਤੈਨੂੰ ਦਸਦਾ ਹਾਂ ਕਿ ਬਦਲਾ ਲੈਣ ਦੇਣਾ ਪੈਂਦਾ ਹੈ। ਉਸ ਤੇਰੇ ਸਾਥੀ ਨੇ ਪਿਛਲੇ ਜਨਮ ਵਿਚ ਸ਼ੇਰ ਦੇ ਪਿਛਲੇ ਜਨਮ ਵਿਚ ਇਸ ਨੂੰ ਮਾਰਿਆ ਸੀ, ਹੁਣ ਇਸ ਜਨਮ ਵਿਚ ਸ਼ੇਰ ਨੇ ਉਹਨੂੰ ਮਾਰ ਦਿੱਤਾ ਹੈ। ਤੇਰੀ ਜਾਣਕਾਰੀ ਵਾਸਤੇ ਤੈਨੂੰ ਦਸਦਾ ਹਾਂ ਕਿ ਤੂੰ ਨਾ ਤਾਂ

ਇਸ ਦਾ ਕੋਈ ਦੇਣ ਹੈ ਅਤੇ ਨ ਹੀ ਇਸ ਕੋਲੋਂ ਕੁਝ ਲੈਣ ਹੈ

ਕੇਹਰ ਇਸ ਸੇ ਬਦਲਾ ਲੀਨਾ, ਆਦਿ ਦੀਆ ਇਸ ਨਰ ਦੁਖ ਪੀਨ

ਅਬ ਹੋ ਸ਼ੇਰ ਇਸੇ ਇਸ ਖਾਯੋ, ਕੀਆ ਆਪਨਾ ਆਪੇ ਪਾਯੋ,

ਪੀਛੇ ਜਨਮ ਪਾਇ ਇਸ ਮਾਰਾ, ਪਾਯੋ ਅਬ ਇਸ ਨਰ ਦੁਖ ਭਾਰਾ,

ਤੋ ਸੋ ਸਿੰਘ ਨਹੀ ਕੁਝ ਲੈਨਾ, ਤੇਰਾ ਭੀ ਇਸ ਨਾ ਕਛ ਦੇਨਾ,

ਇਸੇ ਲਈ ਤਾਂ ਲਿਖਿਆ ਹੈ (ਸੰਤ ਨਿਧਾਨ ਸਿੰਘ ਜੀ)

**ਦੁਕ੍ਰਿਤੁ ਸੁਕ੍ਰਿਤੁ ਥਾਰੋ ਕਰਮੁ ਰੀ ॥**

ਅਥਵਾ

**ਪੂਰਬਲੇ ਕ੍ਰਿਤ ਕਰਮੁ ਨ ਮਿਟੈ ਰੀ**

ਅਥਵਾ

**ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ,**

ਇਸ ਲਈ ਭਾਈ

**ਸੁਕ੍ਰਿਤੁ ਕਰਿ ਕਰਿ ਲੀਜੈ ਰੇ ਮਨ** ਪੰਨਾ (੪੦੬)

ਕਿਉਂ ਜੋ

**ਸੁਕ੍ਰਿਤ ਕੀਤਾ ਰਹਸੀ ਮੇਰੇ ਜੀਅੜੇ,**

**ਬਹੁੜਿ ਨ ਆਵੈ ਵਾਰੀ ।** (ਪੰਨਾ ੧੫੫

ਤਾਂ ਤੇ ਭਾਈ ਮੇਰੀ ਗਲ ਯਾਦ ਰਖੀਂ

ਤਾਂ ਤੇ ਸ਼ੁਭ ਕਰਮਨ ਕੋ ਕੀਜੈ ॥

ਦੋ ਲੋਕਨ ਮੈਂ ਸੁਖੀ ਰਹੀਜੈ ॥

ਅੱਛਾ, ਭਾਈ ਤੂੰ ਹੁਣ ਮੇਰੇ ਦੇਖਦਿਆਂ ਦੇਖਦਿਆਂ ਜਿੱਥੇ ਸਿਪਾਹੀਆਂ ਦੀ ਚੌਂਕੀ ਹੈ ਉੱਥੇ ਪਹੁੰਚ ਜਾ । ਤੂੰ ਨਿਰਭੈ ਹੋ ਕੇ ਜਲਦੀ ਜਲਦੀ ਚਲਿਆ ਜਾਹ । ਤੈਨੂੰ ਸ਼ੇਰ ਕੁਝ ਨਹੀਂ ਕਹਿੰਦਾ, ਮੈਂ ਇੱਥੇ ਹੀ ਖੜਾ ਹਾਂ । ਸਤਿਗੁਰੂ ਜੀ ਨੂੰ ਮਥਾ ਟੇਕ ਕੇ, ਭਾਈ ਜੀ ਆਪਣਾ ਬੁਚਕਾ

ਅਤੇ ਗੜਵਾ ਚੁੱਕ ਕੇ ਟੁਰ ਪਏ । ਜਦੋਂ ਨੇੜੇ ਵਾਲੀ ਚੌਂਕੀ ਦੇ ਕੋਲ ਪਹੁੰਚੇ ਬੜਾ ਭਾਰੀ ਭੂੰਚਾਲ ਆਇਆ ਅਤੇ ਧਰਤੀ ਬੜੀ ਕੰਬੀ । ਚੌਂਕੀ ਵਾਲੇ ਸਿਪਾਹੀ ਭਾਈ ਜੀ ਨੂੰ ਵੇਖ ਕੇ ਬੜੇ ਹੈਰਾਨ ਹੋਏ । ਉਨ੍ਹਾਂ ਭਾਈ ਜੀ ਨੂੰ ਪੁੱਛਿਆ ਕਿ ਤੂੰ ਇੰਨੇ ਭਿਆਨਕ ਜੰਗਲ ਵਿਚ ਰਾਤ ਸਮੇਂ ਕਿੱਥੇ ਫਿਰ ਰਿਹਾ ਹੈਂ ? ਤੈਨੂੰ ਪਤਾ ਨਹੀਂ ਕਿ ਇਸ ਜੰਗਲ ਵਿਚ ਭਾਰੀ ਸ਼ੇਰ ਹੈ । ਕੀ ਤੈਨੂੰ ਡਰ ਨਹੀਂ ਲਗਦਾ ? ਕੀ ਤੈਨੂੰ ਅਪਣੀ ਜਾਨ ਦੀ ਲੋੜ ਨਹੀਂ ? ਫਿਰ ਤੇਰੇ ਕੋਲ ਨ ਬੰਦੂਕ ਹੈ ਅਤੇ ਨ ਕੋਈ ਹਥਿਆਰ ਹੈ ।

ਭਾਈ ਜੀ ਨੇ ਘਾਬਰੇ ਹੋਇ ਨੇ ਸਾਥੀ ਦੀ ਮੌਤ ਦੀ ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਦੇ ਕੇ ਭਾਈ ਜੀ ਨੂੰ ਬਚਾਉਣ ਦੀ ਸਾਰੀ ਵਾਰਤਾ ਸੁਣਾਈ । ਸਿਪਾਹੀ ਹੋਰ ਵੀ ਹੈਰਾਨ ਹੋਏ ਅਤੇ ਸਤਿਗੁਰੂ ਜੀ ਦੇ ਦਰਸ਼ਨ ਕਰਨੇ ਚਾਹੇ ਪਰ ਸਤਿਗੁਰੂ ਜੀ ਤਾਂ ਭਾਈ ਜੀ ਦੇ ਚੌਂਕੀ ਤੇ ਪੁਜਣ ਸਾਰ ਅਲੋਪ ਹੋ ਗਏ ਸਨ ਅਥਵਾ ਚੀਨੀ ਘੋੜੀ ਤੇ ਚੜ੍ਹ ਕੇ ਤਤ ਛਿਨ ਸ੍ਰੀ ਭੈਣੀ ਸਾਹਿਬ ਪਹੁੰਚ ਚੁਕੇ ਸਨ । ਹੁਣ ਭਾਈ ਜੀ ਨੇ ਬਾਕੀ ਦੀ ਰਾਤ ਚੌਂਕੀ ਅੰਦਰ ਆਰਾਮ ਕਰ ਕੇ ਗੁਜ਼ਾਰੀ ।

ਸ੍ਰੀ ਸਤਿਗੁਰੂ ਜੀ ਜਿਸ ਤਰ੍ਹਾਂ ਭਾਈ ਜੀ ਨੂੰ ਬਚਾਉਣ ਵਾਸਤੇ ਆਏ ਸਨ ਉਸੇ ਤਰ੍ਹਾਂ ਭਾਈ ਜੀ ਨੂੰ ਬਚਾ ਕੇ ਵਾਪਸ ਚਲੇ ਗਏ । ਕਿਸੇ ਨੂੰ ਕੋਈ ਪਤਾ ਨਹੀਂ ਕਿ ਸਤਿਗੁਰੂ ਜੀ ਕਿਸ ਤਰ੍ਹਾਂ ਆਏ ਅਤੇ ਕਿਸ ਤਰ੍ਹਾਂ ਵਾਪਸ ਗਏ ? ਹਾਂ ਬਹਾਨਾ ਚੀਨੀ ਘੋੜੀ ਦਾ ਜ਼ਰੂਰ ਸੀ ।

## ਕਰਤੇ ਕੀ ਮਿਤਿ ਨ ਜਾਨੈ ਕੀਆ

ਅਥਵਾ

## ਆਪੇ ਜਾਨੈ ਅਪਨੀ ਮਿਤਿ ਗਤਿ ।

ਸ੍ਰੀ ਸਤਿਗੁਰੂ ਜੀ ਨੇ ਸ੍ਰੀ ਭੈਣੀ ਸਾਹਿਬ ਵਾਪਸ ਪਹੁੰਚ ਕੇ ਸਭ ਤੇ ਮਾਇਆ ਪਾ ਦਿੱਤੀ ਅਤੇ ਅਪਣੇ ਪਲੰਘ ਉੱਤੇ ਜਾ ਬਿਰਾਜਮਾਨ ਹੋਏ । ਰਾਤ ਦਾ ਸਮਾ ਸੀ । ਘੋੜੀ ਅਪਣੇ ਥਾਂ ਤੇ ਖੜੀ ਤਾਂ ਸੀ ਪਰ ਬੜੀ ਹਫ ਰਹੀ ਸੀ, ਮੁੜ੍ਹਕੇ ਦਾ ਪਾਣੀ ਇੰਨਾ ਚੋਹ ਰਿਹਾ ਸੀ ਜਿਵੇਂ ਹੁਣੇ ਹੀ ਇਸ ਨੂੰ ਨਹਾਇਆ ਗਿਆ ਹੋਵੇ । ਕਈ ਸੇਵਾਦਾਰ ਸ਼ਾਇਦ ਜਾਗਦੇ ਸਨ ਜਾਂ ਸ਼ਾਇਦ ਅਚਾਨਕ ਹੀ ਉਨ੍ਹਾਂ ਨੂੰ ਜਾਗ ਆ ਗਈ ਸੀ । ਉਨ੍ਹਾਂ ਸਿੱਖਾਂ ਦਾ ਧਿਆਨ ਚੀਨੀ ਘੋੜੀ ਤੇ ਜਾ ਪਿਆ । ਕੀ ਵੇਖਦੇ ਹਨ ਕਿ ਚੀਨੀ ਬੜੀ ਹਫ ਰਹੀ ਹੈ ਅਤੇ ਮੁੜ੍ਹਕੇ ਦਾ ਪਾਣੀ ਛਮ ਛਮ ਚੋਹ ਰਿਹਾ ਹੈ । ਉਹ ਸਿੱਖ ਸੋਚਣ ਲਗੇ ਕਿ ਸ਼ਾਇਦ ਕਿਸੇ ਨੇ ਸਾਡੇ ਤੋਂ ਚੋਰੀ ਹੀ ਇਸ ਨੂੰ ਦੌੜਾਇਆ ਹੋਵੇ । ਬੜਾ ਸੋਚਦੇ ਰਹੇ ਪਰ ਕੋਈ ਪੱਕਾ ਪਤਾ ਨ ਲਗਾ

ਸਵੇਰ ਹੁੰਦਿਆਂ ਸਾਰ ਹੀ ਉਨ੍ਹਾਂ ਸਿੱਖਾਂ ਨੇ ਸਤਿਗੁਰੂ ਜੀ ਅਗੇ ਬੇਨਤੀ ਕੀਤੀ ਕਿ "ਸੱਚੇ ਪਾਤਸ਼ਾਹ ਜੀ, ਰਾਤ ਸਮੇਂ ਚੀਨੀ ਘੋੜੀ ਬੜੀ ਹਫਦੀ ਰਹੀ ਸੀ, ਮੁੜ੍ਹਕੇ ਦਾ ਪਾਣੀ ਇਸ ਦੇ ਸਰੀਰ ਵਿਚੋਂ ਛਮਾ ਛਮ ਬਹਿੰਦਾ ਸੀ ਇਸਤਰ੍ਹਾਂ ਜਾਪਦਾ ਸੀ ਜਿਵੇਂ ਕਿਸੇ ਨੇ ਇਸਨੂੰ ਬਹੁਤ ਚੋਖਾ ਦੌੜਾਇਆ ਹੋਵੇਪਰ ਸਾਨੂੰ ਪਤਾ ਨਹੀ ਲੱਗ ਸਕਿਆ ਕਿ ਕਿਸ ਨੇ ਦੌੜਾਇਆ ਹੈ।

ਸਤਿਗੁਰੂ ਜੀ ਪਹਿਲਾਂ ਤਾਂ ਸਿੱਖਾਂ ਨੂੰ ਟਾਲਦੇ ਹੀ ਰਹੇ ਪਰ ਪਿਛੋਂ ਹੱਸ ਕੇ ਕਹਿਣ ਲਗੇ, " ਭਾਈ ਤੁਸੀਂ ਹਲਾਂ ਚੁਪ ਰਹੋ, ਜਦੋਂ ਰਾਇ ਸਿੰਘ ਵਾਪਸ ਆਵੇਗਾ ਉਹ ਆਪ ਹੀ ਤੁਹਾਨੂੰ ਸਾਰੀ ਵਾਰਤਾ ਸੁਣਾ ਦੇਵੇਗਾ।"

ਹੱਸੇ ਗੁਰ, ਰਾਇ ਸਿੰਘ ਜੋ ਆਵੈ ।

ਸੋ ਆਪੀ ਬਿਧਿ ਨਾਲ ਸੁਣਾਵੇ ।

ਸਤਿਗੁਰੂ ਜੀ ਦੇ ਹੱਸ ਕੇ ਇੰਨਾ ਕੁ ਕਹਿਣ ਤੋਂ ਸਿੱਖਾਂ ਨੇ ਅੰਦਾਜਾ ਲਾ ਲਇਆ ਕਿ ਜ਼ਰੂਰ ਭਾਈ ਰਾਇ ਸਿੰਘ ਨਾਲ ਕੋਈ ਕਉਤਕ ਵਰਤਿਆ ਹੋਵੇਗਾ।

ਦੂਜੇ ਪਾਸੇ ਭਾਈ ਰਾਇ ਸਿੰਘ ਜੀ ਸਵੇਰੇ ਉੱਠ ਕੇ ਤਿਆਰ ਹੋ ਕੇ ਇਕੱਲੇ ਹੀ ਅਪਣੇ ਸਫਰ ਵਾਸਤੇ ਟੁਰ ਪਏ। ਰਾਹ ਵਿਚ ਜਦੋਂ ਰਾਤ ਵਾਲੇ ਸ਼ੇਰ ਦਾ ਖਿਆਲ ਆਉਂਦਾ ਤਾਂ ਕੁਝ ਘਾਬਰ ਜਾਂਦੇ ਪਰ ਜਦੋਂ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਦਾ ਨਜ਼ਾਰਾ ਸਾਮ੍ਹਣੇ ਆਉਂਦਾ ਤਾਂ ਬੜੇ ਖੁਸ਼ ਹੁੰਦੇ ਅਤੇ ਖੁਸ਼ੀ ਵਿਚ ਹੀ ਸ਼ਬਦ ਪੜ੍ਹਨ ਲਗ ਪੈਂਦੇ

ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਵਾ

ਤੂ ਸਾਹਿਬ ਗੁਣੀ ਨਿਧਾਨਾ ॥

ਤੁਮਰੀ ਮਹਿਮਾ ਬਰਨਿ ਨ ਸਾਕਉ

ਤੂੰ ਠਾਕੁਰ ਊਚ ਭਗਵਾਨਾ ॥

ਪੰਨਾ ੭੩੫

ਇਸਤਰ੍ਹਾਂ ਸਤਿਗੁਰੂ ਜੀ ਦਾ ਜਸ ਕਰਦਿਆਂ ਅਤੇ ਭਜਨ ਕਰਦਿਆ ਉਹ ਇਕੱਲੇ ਹੀ ਅਪਣਾ ਸਫਰ ਕਰਦੇ ਰਹੇ। ਫਿਰ ਰਾਹ ਵਿਚ ਕੋਈ ਰੁਕਾਵਟ ਨ ਆਈ ਅਤੇ ਥੋੜੇ ਹੀ ਦਿਨਾਂ ਵਿਚ ਸ੍ਰੀ ਹਜ਼ੂਰ ਸਾਹਿਬ ਪਹੁੰਚ ਗਏ।

Sri Satguru Jagjit Singh Ji Elibrary NamdhariElibrary@gmail.com



ਪੰਨਾ ੬੪

ਤਖ਼ਤ ਸ੍ਰੀ ਅਬਿਚਲਨਗਰ (ਹਜ਼ੂਰ) ਸਾਹਿਬ



Sri Satguru Jagjit Singh Ji Elibrary NamdhariElibrary@gmail.com

ਜਾਂਦਿਆਂ ਸਾਰ ਭਾਈ ਜੀ ਨੇ ਫੂਲ ਮੂਲ ਲੈ ਕੇ ਗੁਰਦਵਾਰੇ ਚੜ੍ਹਾਏ ਅਤੇ ਬੜੇ ਪ੍ਰੇਮ ਨਾਲ ਗੁਰਦਵਾਰੇ ਨੂੰ ਮਥਾ ਟੇਕਿਆ। ਕੜਾਹ ਪਰਸ਼ਾਦ ਦੀ ਦੇਗ ਵਰਤਵਾਈ। ਉਥੋਂ ਦੇ ਸਿੱਖਾਂ ਨੂੰ ਬੜੇ ਪ੍ਰੇਮ ਨਾਲ ਮਿਲੇ।

ਉਥੋਂ ਦੇ ਸਿਖ ਬੜੇ ਹੈਰਾਨ ਸਨ ਕਿ ਭਾਈ ਜੀ ਇਕੱਲੇ ਹੀ ੧੪-੧੫ ਮੀਲ ਦਾ ਸਫਰ ਕਰਕੇ ਕਿਸਤਰ੍ਹਾਂ ਇੱਥੇ ਪਹੁੰਚ ਗਏ ਹਨ? ਗਲਾਂ ਬਾਤਾਂ ਕਰਦਿਆਂ ਜਦੋਂ ਭਾਈ ਜੀ ਨੇ, ਰਾਹ ਵਿਚ ਜੰਗਲ ਵਿਚ ਸ਼ੇਰ ਤੋਂ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਭਾਈ ਜੀ ਨੂੰ ਬਚਾਉਣ ਦੀ ਵਾਰਤਾ ਸੁਣਾਈ ਤਾਂ ਉਹ ਲੋਕ ਹੋਰ ਵੀ ਹੈਰਾਨ ਹੋਏ ਅਤੇ ਭਾਈ ਜੀ ਨੂੰ ਸੱਚਾ, ਪ੍ਰੇਮੀ ਅਤੇ ਸਿਦਕਵਾਨ ਸਿੱਖ ਸਮਝ ਕੇ ਭਾਈ ਜੀ ਦਾ ਬੜਾ ਸਤਕਾਰ ਕੀਤਾ ਅਤੇ ਚੰਗੀ ਥਾਂ ਤੇ ਡੇਰਾ ਲਵਾਇਆ।

ਇਥੇ ਰਹਿੰਦਿਆਂ ਭਾਈ ਜੀ ਰੋਜ਼ ਗੁਰਦਵਾਰੇ ਦੀ ਸੇਵਾ ਕਰਦੇ ਅਤੇ ਉਥੋਂ ਦੀ ਮਰਯਾਦਾ ਵੀ ਸਿਖਦੇ ਰਹਿੰਦੇ। ਸਾਧ ਸੰਗਤ ਦੀ ਰਜ਼ਾਮੰਦੀ ਨਾਲ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦੀ ਕਥਾ ਵੀ ਰੋਜ਼ ਕਰਦੇ।

ਇਕ ਸਤਿਗੁਰੂ ਜੀ ਦੀ ਕਿਰਪਾ ਸੀ, ਦੂਜਾ ਪੜ੍ਹੇ ਲਿਖੇ ਵਿਦਵਾਨ ਸਨ ਅਤੇ ਤੀਜਾ ਮਨ ਵਿਚ ਪ੍ਰੇਮ ਅਤੇ ਸ਼ਰਧਾ ਸੀ। ਆਵਾਜ਼ ਵੀ ਮਿਠੀ ਅਤੇ ਸੁਰੀਲੀ ਸੀ। ਕਥਾ ਵਿਚ ਬੜੇ ਸੁਹਣੇ ਅਤੇ ਢੁਕਵੇਂ ਪ੍ਰਮਾਣ ਦਿੰਦੇ ਸਨ। ਜਿਹੜਾ ਵੀ ਆਪ ਜੀ ਦੀ ਕਥਾ ਸੁਣਦਾ ਉਹ ਮੋਹਿਤ ਹੋ ਜਾਂਦਾ। ਸਰੋਤਿਆਂ ਦੀ ਹਾਜ਼ਰੀ ਹਰ ਰੋਜ਼ ਵਧਦੀ ਹੀ ਜਾਂਦੀ ਸੀ। ਆਪ ਜੀ ਦੀ ਕਥਾ ਤੋਂ ਪ੍ਰਭਾਵਤ ਹੋ ਕੇ ਸਰੋਤੇ ਕਥਾ ਭੇਟ ਬਹੁਤ ਕਰਦੇ ਸਨ। ਇਹ ਸਤ ਸੰਗ ਤਕਰੀਬਨ ਸਾਢੇ ਤਿੰਨ ਮਹੀਨੇ ਚਲਦਾ ਰਿਹਾ। ਭੋਗ ਵਾਲੇ ਦਿਨ ਸੰਗਤ ਹੁਮ ਹੁਮਾ ਕੇ ਆਈ ਸੀ। ਭੋਗ ਦੀ ਅਰਦਾਸ ਪਿਛੋਂ ਭਾਈ ਜੀ ਨੇ ਸਾਰੀ ਦੀ ਸਾਰੀ ਕਥਾ ਭੇਟ ਜੋ ਕਿ ਤਿੰਨ ਸੌ ਰੁਪੈ ਸਨ, ਗੁਰਦਵਾਰੇ ਮੱਥਾ ਟੇਕ ਦਿੱਤੀ। ਉਥੋਂ ਦੇ ਪ੍ਰਬੰਧਕਾਂ ਨੇ ਬੜੇ ਤਰਲੇ ਕੀਤੇ ਕਿ ਇਹ ਰਕਮ ਭਾਈ ਜੀ ਆਪਣੇ ਕੋਲ ਰਖਣ ਪਰ ਭਾਈ ਜੀ ਨੇ ਇਕ ਕੌਡੀ ਵੀ ਨ ਲਈ ਅਤੇ ਨਿਮਰਤਾ ਸਹਿਤ ਬੇਨਤੀ ਕੀਤੀ, ਇਹ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦਾ ਗੁਰਦਵਾਰਾ ਹੈ ਇਥੇ ਸੇਵਾ ਕਰਨੀ ਸਾਡਾ ਸਾਰਿਆਂ ਦਾ ਧਰਮ ਅਥਵਾ ਫਰਜ਼ ਹੈ। ਤੁਸੀਂ ਤਾਂ ਰੋਜ਼ ਸੇਵਾ ਕਰਦੇ ਹੀ ਹੋ, ਦਾਸ ਵਲੋਂ ਵੀ ਇਹ ਤੁਛ ਸੇਵਾ ਪ੍ਰਵਾਨ ਕਰੋ ਜੀ।"

ਇਹ ਸੁਣਦਿਆਂ ਸਾਰ ਹੀ ਸਾਰੇ ਪ੍ਰਬੰਧਕ ਨਿਰੁਤਰ ਹੋ ਗਏ ਅਤੇ ਕਹਿਣ ਲਗੇ, ਭਾਈ ਸਾਹਿਬ "ਧੰਨ ਤੁਸੀਂ ਹੋ ਅਤੇ ਧੰਨ ਤੁਹਾਡਾ ਗੁਰੂ ਹੈ।"

(ਨੋਟ) ਅਜੋਂ ਤਕਰੀਬਨ ਡੇਢ ਸੌ ਸਾਲ ਪਹਿਲਾਂ ਦੇ ਤਿੰਨ ਸੌ ਰੁਪਏ ਅਜ ਦੇ ੫੦-੬੦ ਹਜ਼ਾਰ ਤੋਂ ਵੀ ਜ਼ਿਆਦਾ ਬਣਦੇ

Sri Satguru Jagjit Singh Ji Elibrary NamdhariElibrary@gmail.com

ਸੰਤ ਧਿਆਨ ਸਿੰਘ ਜੀ ਇਸ ਤਰ੍ਹਾਂ ਲਿਖਦੇ ਹਨ

ਤ੍ਰੈ ਸੌ ਚੜ੍ਹਿਆ ਭੇਟ ਰੁਪੱਯਾ, ਦੀਨਨ ਰਾਇ ਸਿੰਘ ਕੋ ਭੱਯਾ।
ਕੌਡੀ ਏਕ ਲਈ ਤਿਨ ਨਾਹੀ, ਸਿੰਘਨ ਜਤਨ ਕੀਏ ਬਹੁਤਾਹੀ,
ਰਾਇ ਸਿੰਘ ਜੋਰੇ ਤਬ ਹਾਥ, ਕਰੀ ਬੇਨਤੀ ਸਿੰਘਨ ਸਾਥ,
ਸੁਣੋ ਮੀਤ ਗੁਰ ਭਾਈ ਮੇਰੇ, ਸਭ ਹਮ ਤੁਮਾਇ ਸਦੂੰਰ ਚੇਰੇ।
ਸੇਵਾ ਜਿਤਨੀ ਹੋਇ ਸੁ ਕਰੀਏ, ਦੀਨ ਦੁਨੀ ਕੇ ਦੁਖ ਪਰਹਰੀਏ,
ਇਹ ਗੁਰਦੁਆਰਾ ਗੁਰੂ ਕੋ ਆਲੀ, ਮਾਰਗ ਖਾਲਿਸ ਕੋ ਜੇ ਵਾਲੀ,

ਭਾਈ ਜੀ ਰੋਜ ਕਥਾ ਕਰਨ ਦੇ ਨਾਲ ਨਾਲ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦੀ ਸਿੱਖਾਂ ਨੂੰ ਬਖਸ਼ੀ ਹੋਈ ਰਹਿਤ ਮਰਿਆਦਾ ਵੀ ਲਿਖਦੇ ਰਹਿੰਦੇ ਸਨ। ਉਥੋਂ ਦੇ ਸਿੱਖਾਂ ਕੋਲੋਂ ਪੁੱਛ ਕੇ ਅਤੇ ਆਪਣੀ ਅੱਖੀਂ ਵੇਖੀ ਸਭ ਮਰਿਆਦਾ ਲਿਖ ਲੈਂਦੇ ਸਨ

ਗੁਰੂ ਰੀਤੀ ਨਿਤ ਪ੍ਰਤਿ ਤਹਿ ਲਿਖੇ
ਜੈਸੀ ਤਿਸ ਗੁਰਦੁਆਰੇ ਦਿਖੇ

ਉਸ ਸਾਰੀ ਮਰਿਆਦਾ ਵਿਚੋਂ

ਚਾਰ ਤਹਾਂ ਭਾਰੇ ਤਨਖਾਹੀ।
ਬਹੁ ਸਜਾਇ ਦੇਨ ਤੈ ਬਖਸਾਹੀ।
(1) ਕੇਸਨ ਮੂੰਡ, (2) ਤੁਰਕਣੀ ਰਵੈ
(3) ਗੋ ਬਦ (4) ਅਉਰ ਤੰਮਾਕੂ ਛਵੈ

ਅਤੇ ਅਉਰ ਅਘੀ ਜੇਤਕ ਕੋ ਹੋਈ, ਤੇਤੇ ਦੰਨ ਸਕਤ ਜਿਤ ਕੋਈ,

ਸੰਤ ਧਿਆਨ ਸਿੰਘ ਜੀ ਲਿਖਦੇ ਹਨ :-

ਗੁਣੀ ਗਿਆਨੀ ਜਹਿ ਜਹਿ ਜਾਵੈ ।
ਤਹਿ ਤਹਿ ਆਦਰ ਸੁਖ ਪਾਵੈ ।

ਭਾਈ ਜੀ, ਗੁਰੂ ਜੀ ਦੀ ਕਿਰਪਾ ਨਾਲ, ਆਪਣੀ ਵਿਦੱਤਾ, ਗੁਰੂ ਜੀ ਤੇ ਸਰਧਾ, ਨਿਸ਼ਕਾਮ ਸੇਵਾ ਅਤੇ ਪ੍ਰੇਮਾ ਭਗਤੀ ਕਾਰਨ ਹਰਮਨ ਪਿਆਰੇ ਹੋ ਗਏ ਸਨ ਉੱਥੋਂ ਦੇ ਵਸਨੀਕ ਚਾਹੁੰਦੇ ਸਨ ਕਿ ਭਾਈ ਜੀ ਉੱਥੇ ਹੀ ਪੱਕੀ ਰਿਹਾਇਸ਼ ਅਖਤਿਆਰ ਕਰ ਲੈਣ ਤਾਂ ਜੋ ਸਤਸੰਗ ਅਥਵਾ ਕਥਾ - ਵਾਰਤਾ ਦਾ ਸਿਲਸਿਲਾ ਚਲਦਾ ਰਹੇ

ਧੁਪਵਾਨ ਸਿਦਕੀ ਗੁਣਵੰਤਾ ।
ਤਾਕੋ ਕੌਣ ਨ ਚਾਹਿ ਰਖੰਤਾ ॥

ਭਾਈ ਜੀ ਉੱਥੇ ਪ੍ਰੇਮ ਨਾਲ ਸੇਵਾ ਕਰੀ ਜਾਂਦੇ ਸਨ । ਕਥਾ ਦੇ ਭੋਗ ਪੈ ਜਾਣ ਪਿਛੋਂ ਇਕ ਰਾਤ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਭਾਈ ਜੀ ਨੂੰ ਸੁਪਨੇ ਵਿਚ ਦਰਸ਼ਨ ਦੇ ਕੇ ਹੁਕਮ ਕੀਤਾ ਕਿ, " ਭਾਈ ਤੂੰ ਉੱਥੇ ਹੀ ਦਿਲ ਲਾ ਬੈਠਾ ਹੈਂ ਅਸੀਂ ਤਾਂ ਤੈਨੂੰ ਇਥੇ ਬੜਾ ਉਡੀਕਦੇ ਪਏ ਹਾਂ । ਭਾਈ ਤੂੰ ਸਾਰੇ ਸ੍ਰੀ ਗ੍ਰੰਥ ਸਾਹਿਬ ਜੀ ਦੀ ਕਥਾ ਵੀ ਕਰ ਬੈਠਾ ਹੈਂ ਅਤੇ ਮਰਿਆਦਾ ਬਾਰੇ ਵੀ ਜੋ ਕੁਛ ਲਿਖਣਾ ਸੀ ਉਹ ਵੀ ਲਿਖ ਲਿਆ ਹੈ । ਸਾਧ ਸੰਗਤ ਦੇ ਦਰਸ਼ਨ ਮੇਲੇ ਵੀ ਕਰ ਲੈ ਹਨ ਹੁਣ ਕਿਰਪਾ ਕਰ ਤੇ ਜਲਦੀ ਵਾਪਸ ਆ ।"

ਅਗਲੀ ਸਵੇਰ ਜਦੋਂ ਭਾਈ ਜੀ ਉੱਠੇ ਤਾਂ ਬੜੇ ਖੁਸ਼ ਖੁਸ਼ ਜਾਪਦੇ ਸਨ । ਇਕ ਤਾਂ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਹੋਏ ਸਨ ਅਤੇ ਦੂਜਾ ਸਤਿਗੁਰੂ ਜੀ ਨੇ ਯਾਦ ਕੀਤਾ ਸੀ । ਭਾਈ ਜੀ ਸੁਪਨੇ ਨੂੰ ਯਾਦ ਕਰ ਕੇ ਕਹਿੰਦੇ ਸਨ ਕਿ

**ਜਾਗਨ ਤੇ ਸੁਪਨਾ ਭਲਾ ਬਸੀਐ ਪ੍ਰਭ ਸੰਗਿ** (ਪੰਨਾ ੮੧੬

ਅਥਵਾ

**ਸੁਤੜੀ ਸੋ ਸਹੁ ਡਿਠੁ ਤੈ ਸੁਪਨੇ ਹਉ ਖੰਨੀਐ**

ਹੁਣ ਭਾਈ ਜੀ ਆਪਣਾ ਨਿਤਨੇਮ ਕਰਕੇ ਵਾਪਸ ਆਉਣ ਦੀ ਤਿਆਰੀ ਕਰਨ ਲਗੇ । ਉੱਥੋਂ ਕੜੇ, ਕੰਘੇ, ਚੱਕਰ ਅਤੇ ਕਿਰਪਾਨਾਂ ਮੁਲ ਲਈਆਂ ਬੁਚਕਾ ਬੰਨ੍ਹ ਕੇ ਤਿਆਰ ਹੋ ਗਏ ਅਤੇ ਉੱਥੋਂ ਦੇ ਸਿੱਖਾਂ ਕੋਲੋਂ ਆਗਿਆ ਮੰਗੀ ਅਤੇ ਕਹਿਆ ਕਿ ਮੈਨੂੰ ਸਤਿਗੁਰੂ ਜੀ ਵਲੋਂ ਹੁਕਮ ਹੋ ਗਿਆ ਹੈ ਕਿ ਜਲਦੀ

ਵਾਪਸ ਆ । ਸਾਧ ਸੰਗਤ ਜੀ ਇੱਥੇ ਰਹਿੰਦਿਆਂ ਮੇਰੇ ਕੋਲੋਂ ਕਈ ਗਲਤੀਆਂ ਹੋ ਗਈਆਂ ਹੋਣ ਗੀਆਂ । ਮੈਂ ਸਭ ਕੋਲੋਂ ਖਿਮਾ ਮੰਗਦਾ ਹਾਂ ਜੀ ।

ਭਾਈ ਜੀ ਦੇ ਵਾਪਸ ਜਾਣ ਬਾਰੇ ਸੁਣ ਕੇ ਸਾਰੇ ਸਿੱਖ ਉਦਾਸ ਹੋ ਗਏ। ਕਈ ਤਾਂ ਰੋਣ ਹੀ ਲਗ ਪਏ, ਕਈਆਂ ਦੇ ਕਲੇਜੇ ਖਿਰਣ ਲਗ ਪਏ ਅਤੇ ਕਈ ਹੱਥ ਜੋੜ ਕੇ ਵਾਪਸ ਨ ਜਾਣ ਲਈ ਤਰਲੇ ਕਰਨ ਲਗ ਪਏ । ਸਾਰੇ ਹੀ ਸਿੱਖ ਭਾਈ ਰਾਇ ਸਿੰਘ ਜੀ ਨੂੰ ਉੱਥੇ ਹੀ ਰਖਣਾ ਚਾਹੁੰਦੇ ਸਨ

ਸ੍ਰੀ ਗੁਰਦੁਆਰੇ ਕੇ ਸਿੰਘ ਜੇਤੇ
ਚਾਹੇ ਰਖਿਆ ਰਾ ਸਿੰਘ ਤੇਤੇ

ਭਾਈ ਜੀ ਦੇ ਵਿਦਵਾਨ ਅਤੇ ਸੱਚੇ ਸਿੱਖ ਹੋਣ ਕਰਕੇ ਸਾਰੀ ਸੰਗਤ ਇਹ ਹੀ ਚਾਹੁੰਦੀ ਸੀ ਕਿ ਭਾਈ ਜੀ ਵਾਪਸ ਨ ਜਾਣ

ਬੁਧਵਾਨ ਸਿਦਕੀ ਗੁਣਵੰਤਾ
ਤਾਕੋ ਕੌਣ ਨ ਚਾਹਿ ਰਖੰਤਾ

ਸਾਰੇ ਇਹ ਹੀ ਚਾਹੁੰਦੇ ਸਨ ਕਿ ਭਾਈ ਜੀ ਜਿਸ ਤਰ੍ਹਾਂ ਵੀ ਰਹਿ ਸਕਣ ਉਨ੍ਹਾਂ ਨੂੰ ਇੱਥੇ ਹੀ ਰਖਿਆ ਜਾਏ । ਪ੍ਰਬੰਧਕਾਂ ਨੇ ਇਹ ਵੀ ਬੇਨਤੀ ਕੀਤੀ ਕਿ ਤੁਹਾਡਾ ਵਿਆਹ ਇੱਥੇ ਕਰ ਦੇਂਦੇ ਹਾਂ ਤੁਸੀਂ ਇੱਥੇ ਹੀ ਰਹੋ ।

ਭਾਈ ਜੀ ਨੇ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ ਕਿ ਮੈਂ ਤੁਹਾਡਾ ਸਾਰਿਆਂ ਦਾ ਧੰਨਵਾਦ ਕਰਦਾ ਹਾਂ ਅਤੇ ਬੇਨਤੀ ਕਰਦਾ ਹਾਂ ਕਿ ਮੈਂ ਤਾਂ ਇੱਥੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਕਰਕੇ ਇਥੋਂ ਦੀ ਰਹਿਤ ਮਰਿਆਦਾ ਲਿਖਣ ਵਾਸਤੇ ਆਇਆ ਸਾਂ ਅਤੇ ਉਨ੍ਹਾਂ ਦੀ ਮਿਹਰ ਅਤੇ ਬਖਸ਼ਸ ਸਦਕਾ ਹੀ ਇੱਥੇ ਪਹੁੰਚ ਸਕਿਆ ਸਾਂ । ਮੈਂ ਤਾਂ ਜੰਗਲ ਵਿਚ ਅਪਣਾ ਅੰਤਿਮ ਸਮਾਂ ਹੀ ਸਮਝ ਬੈਠਾ ਸਾਂ ਤੁਸੀਂ ਆਪ ਹੀ ਸੋਚੋ ਕਿ ਜੇ ਸਤਿਗੁਰੂ ਜੀ ਮੈਨੂੰ ਸ਼ੇਰ ਕੋਲੋਂ ਨ ਬਚਾਉਂਦੇ ਤਾਂ ਮੈਂ ਇੱਥੇ ਕਿਸ ਤਰ੍ਹਾਂ ਆ ਸਕਣਾ ਸੀ ਅਤੇ ਕਿਸ ਤਰ੍ਹਾਂ ਤੁਹਾਡੇ ਦਰਸ਼ਨ ਹੋ ਸਕਣੇ ਸਨ ?

ਭਾਈਓ, ਤੁਸੀਂ ਆਪ ਹੀ ਸੋਚੋ ਕਿ ਜਿਸ ਗੁਰੂ ਨੇ

ਮਿਰਤਕ ਕਉ ਪਾਇਓ ਤਨਿ ਸਾਸਾ (ਪੰਨਾ ੬੧੪)

ਅਤੇ ਜਿਹੜਾ ਗੁਰੂ

ਮਿਰਤਕ ਕਉ ਜੀਵਾਲਨਹਾਰ (ਪੰਨਾ ੨੮੩

ਹੋਵੇ ਮੈਂ ਉਸ ਦਾ ਹੁਕਮ ਕਿਉਂ ਨ ਮੰਨਾਂ । ਖਿਮਾ ਕਰਨੀ ਕਿ ਮੈਂ ਐਸੇ ਪਰਉਪਕਾਰੀ ਸਤਿਗੁਰੂ ਜੀ ਦੇ ਹੁਕਮ ਨੂੰ ਉਲੰਘਣਾ ਉਚਿਤ ਨਹੀਂ ਸਮਝਦਾ । ਸਤਿਗੁਰੂ ਜੀ ਦੀ ਸੇਵਾ ਸਤਿਗੁਰੂ ਜੀ ਦਾ ਹੁਕਮ ਮੰਨਣਾ ਹੀ ਹੈ । ਭਾਈਓ, ਸਾਨੂੰ ਸਾਰਿਆਂ ਨੂੰ

ਵੱਧ ਤੋਂ ਵਧ ਗੁਰੂ ਦੀ ਸੇਵਾ ਕਰਨੀ ਚਾਹੀਦੀ ਹੈ
ਕਿਉਂ ਜੋ

ਗੁਰ ਕੀ ਸੇਵਾ ਸਦਾ ਸੁਖੁ ਪਾਏ ॥ (ਪੰਨਾ ੩੬੨)

ਅਤੇ

ਗੁਰ ਸੇਵਾ ਜਮ ਤੇ ਛੁਟਕਾਰ ॥ (ਪੰਨਾ ੮੬੪)

ਫਿਰ ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ

ਜਦ ਸਤਿਗੁਰੂ ਜੀ ਹੁਕਮ ਕਰਦੇ ਹਨ ਕਿ ਜਲਦੀ ਵਾਪਸ ਆ ਤਾਂ ਦੱਸੋ ਮੈਂ ਕਿਉਂ ਨ ਜਾਵਾਂ। ਤੁਸੀ ਮੈਨੂੰ ਖੁਸ਼ੀ ਖੁਸ਼ੀ ਆਗਿਆ ਦੇਵੋ ਅਤੇ ਅਰਦਾਸ ਕਰੋ ਕਿ ਮੈਂ ਰਾਜ਼ੀ ਖੁਸ਼ੀ ਸਤਿਗੁਰੂ ਜੀ ਦੇ ਚਰਨਾ ਵਿਚ ਪਹੁੰਚ ਜਾਵਾਂ।

ਸਿੱਖਾਂ ਨੇ ਫਿਰ ਅਰਜ਼ ਕੀਤੀ, "ਭਾਈ ਜੀ, ਗੁਰੂ ਤੁਹਾਡਾ ਭਲਾ ਕਰੇ ਅਤੇ ਤੁਸੀਂ ਰਾਜ਼ੀ ਖੁਸ਼ੀ ਅਪਣੇ ਘਰ ਪਹੁੰਚ ਜਾਵਹੁ ਪਰ ਜੇ ਸੱਚ ਪੁਛਦੇ ਹੋ ਤਾਂ ਸੱਚ ਇਹ ਹੈ ਕਿ ਤੁਹਾਡੇ ਨਾਲ ਮੋਹ ਐਸਾ ਪੈ ਗਿਆ, ਅਤੇ ਤੁਹਾਡੀ ਮੀਠੀ ਰਸਨਾ ਨੇ, ਨਿਰਮਲ ਕਰਨੀ ਨੇ ਅਤੇ ਨਿਸ਼ਕਾਮ ਸੇਵਾ ਨੇ ਐਸਾ ਮੋਹ ਲਿਆ ਹੈ ਕਿ ਆਪ ਜੀ ਦੇ ਵਾਪਸ ਜਾਣ ਵਾਲੇ ਬੋਲ ਤਿੱਖੇ ਤੀਰ ਮਾਲੂਮ ਹੁੰਦੇ ਹਨ

ਆਪ ਕਹੋ ਮੈਂ ਜਾਵੋ ਪੀਛੇ। ਤੁਮਰੇ ਬੋਲ ਲਗਤ ਸਰ ਤੀਛੇ।

ਭਾਈ ਜੀ, ਸੱਚ ਤਾਂ ਇਹ ਹੈ

ਜੀਅ ਮੰਝਾਹ ਤ੍ਰੜ ਪੜੇ ਜੇ ਮੈਂ ਆਖਾਂ ਜਾਹੁ

ਭਾਈ ਜੀ ਨੇ ਫਿਰ ਬੇਨਤੀ ਕੀਤੀ ਕਿ ਤੁਹਾਡਾ ਪਿਆਰ ਅਤੇ ਤੁਹਾਡੀ ਸੇਵਾ ਭੁਲਦੀ ਨਹੀਂ। ਸਤਿਗੁਰੂ ਜੀ ਦੀ ਰਜ਼ਾ ਹੀ ਕੁਝ ਇਸ ਤਰ੍ਹਾਂ ਦੀ ਹੈ। ਹੁਣ ਆਪ ਮੈਨੂੰ ਖੁਸ਼ੀਆਂ ਨਾਲ ਤੋਰੋ।

ਸਿੱਖ ਭਾਵੇਂ ਸਿੰਘਨ ਸਿੰਘ ਨ ਚਹਿ ਜੁਦਾਯਾ।

ਪਰ ਸਤਿਗੁਰ ਜੀ ਦੇ ਹੁਕਮ ਕਰਕੇ ਚੁੱਪ ਕਰ ਗਏ। ਫਿਰ ਪ੍ਰਬੰਧਕਾਂ ਨੇ ਭਾਈ ਜੀ ਨੂੰ ਸਿਰੋਪਾਉ ਦਿੱਤਾ ਅਤੇ ਸੁਗਾਤ ਵਜੋਂ ਸੁੱਖ ਨਿਧਾਨ ਦੇ ਬੀਜ ਦਿੱਤੇ। ਭਾਈ ਜੀ ਨੇ ਸਭ ਦਾ ਧੰਨਵਾਦ ਕੀਤਾ। ਫਿਰ ਭਾਈ ਜੀ ਨੇ ਗੁਰਦਵਾਰਿਓਂ ਪ੍ਰਸ਼ਾਦ ਲੈ ਕੇ ਛਕਿਆ ਅਤੇ ਵਾਪਸ ਆਉਣ ਦੀ ਅਰਦਾਸ ਕੀਤੀ। ਸਿੱਖਾਂ ਦੀਆਂ ਖੁਸ਼ੀਆਂ ਲੈ ਕੇ ਅਤੇ ਸਭ ਨੂੰ "ਵਾਹਿਗੁਰੂ ਜੀ ਕਾ ਖਾਲਸਾ
ਸ੍ਰੀ ਵਾਹਿਗੁਰੂ ਜੀ ਕੀ ਫਤਹਿ" ਕਹਿਕੇ ਫਤਹਿ ਬੁਲਾਈ। ਉਥੋਂ ਦੇ ਸਿੱਖਾਂ ਨੇ ਵੀ ਫਤਹਿ ਬੁਲਾਈ। ਸਭ ਦੇ ਨੇਤਰਾਂ ਵਿਚੋਂ ਜਲ ਵਗਣ ਲਗ ਪਿਆ। ਭਾਈ ਜੀ ਗੁਰਦੁਆਰੇ ਨੂੰ ਮੱਥਾ ਟੇਕ ਕੇ ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਧਿਆਨ ਧਰ ਕੇ ਤੁਰ ਪਏ।

ਹੁਣ ਭਾਈ ਜੀ ਨਿਰਭੈ ਹੋ ਕੇ ਟੁਰਦੇ ਜਾ ਰਹੇ ਸਨ। ਸਤਿਗੁਰੂ ਜੀ ਦੀ ਕਿਰਪਾ ਨਾਲ ਉਨ੍ਹਾਂ ਨੂੰ ਨਿਸਚਾ ਹੋ ਗਿਆ ਸੀ ਕਿ

## ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ।

ਗੁਰੂ ਦਰਸ਼ਨ ਦੀ ਲਾਲਸਾ ਕਰਕੇ ਭਾਈ ਜੀ ਅਪਣਾ ਪੈਂਡਾ ਜਲਦੀ ਜਲਦੀ ਮੁਕਾਈ ਜਾ ਰਹੇ ਸਨ

ਪਤਾ ਨਹੀਂ ਕਿ ਸਤਿਗੁਰੂ ਜੀ ਨੇ ਭਾਈ ਜੀ ਦਾ ਸਿਦਕ ਪਰਖਣਾ ਸੀ ਜਾਂ ਉਂਜ ਹੀ ਕੋਈ ਕੌਤਕ ਵਿਖਾਉਣਾ ਸੀ ਕਿ ਵਾਪਸ ਆਉਂਦਿਆਂ, ਜਦੋਂ ਭਾਈ ਜੀ ਤਕਰੀਬਨ ਪੰਜ ਸੌ ਕੋਹ ਦਾ ਪੈਂਡਾ ਕਰ ਬੈਠੇ ਸਨ ਤਾਂ ਸਤਿਗੁਰੂ ਜੀ ਦਾ ਦਿੱਤਾ ਹੋਇਆ ਖਰਚਾ ਸਾਰੇ ਦਾ ਸਾਰਾ ਹੀ ਮੁਕ ਗਿਆ, ਇਕ ਪੈਸਾ ਵੀ ਕੋਲ ਨ ਰਿਹਾ। ਭਾਈ ਜੀ ਹੈਰਾਨ ਹੋਏ ਕਿ ਹੁਣ ਕੀ ਕੀਤਾ ਜਾਏ ? ਸ੍ਰੀ ਹਜ਼ੂਰ ਸਾਹਿਬ ਜਿਹੜੀ ਭੇਟਾ ਸੰਗਤ ਵਲੋਂ ਮਿਲੀ ਸੀ ਉਹ ਤਾਂ ਸਾਰੀ ਦੀ ਸਾਰੀ ਗੁਰਦੁਆਰੇ ਮੱਥਾ ਟੇਕ ਆਏ ਸਨ। ਹੁਣ ਇਕ ਪੈਸਾ ਵੀ ਕੋਲ ਨ ਹੋਣ ਕਰਕੇ ਸੋਚਣ ਲਗੇ

## ਬਿਨਾ ਦਾਮ ਕਿਛੁ ਕਾਮ ਨ ਸਰੈ

ਮੰਗ ਕੇ ਖਾਉਣ ਦਾ ਹੁਕਮ ਨਹੀਂ ਸੀ ਅਤੇ ਰਾਹ ਵਿਚ ਕੋਈ ਜਾਣੂ ਪਛਾਣੂ ਵੀ ਨਹੀਂ ਸੀ ਜਿਸ ਕੋਲੋਂ ਉਧਾਰ ਲਿਆ ਜਾਏ।

ਧੰਨ ਸਨ ਭਾਈ ਜੀ ਜਿਨ੍ਹਾਂ ਹਿੰਮਤ ਨ ਹਾਰੀ ਅਤੇ ਭੁਖਿਆਂ ਹੀ ਅਪਣਾ ਪੈਂਡਾ ਕਰੀ ਗਏ। ਸ੍ਰੀ ਕਬੀਰ ਜੀ ਲਿਖਦੇ ਹਨ

## ਭੂਖੇ ਭਗਤਿ ਨ ਕੀਜੈ

ਸਿਆਣੇ ਆਦਮੀ ਕਹਿੰਦੇ ਹਨ ਕਿ ਭੁਖ ਸਭ ਦੇ ਰੂਪ ਨੂੰ ਨਾਸ ਕਰਦੀ ਹੈ, ਸਰੀਰ ਨੂੰ ਕਮਜ਼ੋਰ ਕਰਦੀ ਹੈ, ਤਪ ਕੋ ਖਯ ਕਰਦੀ ਹੈ, ਗਿਆਨ ਦਾ ਨਾਸ ਕਰਦੀ ਹੈ ਦੈਵੀ ਗੁਣਾਂ ਦਾ ਛੇਦਨ ਕਰਦੀ ਅਤੇ ਦੋਸ਼ਾਂ ਨੂੰ ਜਨਮ ਦੇਂਦੀ ਹੈ

ਤੁਸੀ ਆਪ ਹੀ ਸੋਚੋ ਕਿ ਆਦਮੀ ਕਿੰਨਾ ਕੁ ਚਿਰ ਭੁਖਾ ਰਹਿ ਕੇ ਸਫਰ ਕਰ ਸਕਦਾ ਹੈ। ਭਾਈ ਜੀ ਬਾਰਾਂ ਪਹਿਰ ਤਾਂ ਭੁਖੇ ਰਹੇ ਅਤੇ ਸਫਰ ਕਰਦੇ ਰਹੇ ਫਿਰ ਜਦੋਂ ਭੁਖ ਨੇ ਬਹੁਤਾ ਤੰਗ ਕੀਤਾ ਤਾਂ ਆਪ ਜੀ ਨੇ ਰਾਹ ਵਿਚ ਦਰਖਤਾਂ ਦੇ ਡਿੱਗੇ ਹੋਏ ਪੱਤੇ ਖਾਂਦਿਆਂ ਅਪਣਾ ਸਫਰ ਜਾਰੀ ਰਖਿਆ। ਰਾਹ ਜਾਂਦਿਆਂ ਦਿਲ ਵਿਚ ਖਿਆਲ ਆਇਆ ਕਿ ਪੈਂਡਾ ਤਾਂ ਹਾਲੀ ਬਹੁਤ ਰੋਖਾ ਹੈ ਹੁਣ ਤਾਂ ਸਤਿਗੁਰੂ ਜੀ ਹੀ ਹਨ ਜੋ

## ਅਪੁਨੇ ਜਨ ਕਾ ਪਰਦਾ ਢਾਕੈ

ਅਥਵਾ

## ਅਪਨੇ ਸੇਵਕ ਕੀ ਆਪਿ ਪਤਿ ਰਾਖੈ

ਪੰਨਾ ੨੮੫

Sri Satguru Jagjit Singh Ji Elibrary NamdhariElibrary@gmail.com

ਅੰਨ ਨ ਮਿਲਣ ਕਰਕੇ ਭਾਈ ਜੀ ਦਾ ਸਰੀਰ ਕਮਜ਼ੋਰ ਹੋ ਗਿਆ ਸੀ। ਸੋਚਦੇ ਸਨ ਕਿ ਸਤਿਗੁਰੂ ਜੀ ਦੇ ਹੁਕਮ ਕਰ ਕੇ ਭੇਟਾ ਵੀ ਨਹੀਂ ਲਈ ਅਤੇ ਸਿੱਖੀ ਮਰਿਆਦਾ ਅਨੁਸਾਰ ਕਿਸੇ ਕੋਲੋਂ ਮੰਗ ਕੇ ਖਾਣਾ ਵੀ ਮਨ੍ਹਾ ਹੈ ਕੋਈ ਭੈਣ ਭਰਾ ਵੀ ਕੋਲ ਨਹੀਂ, ਕੋਈ ਮਿੱਤਰ ਵੀ ਨਹੀਂ, ਕੋਈ ਵਾਕਫ ਵੀ ਨਹੀਂ, ਕੋਲ ਇਕ ਪੈਸਾ ਵੀ ਨਹੀਂ। ਭਾਈ ਜੀ ਕੁਝ ਉਦਾਸ ਹੋ ਗਏ ਸੋਚਣ ਲਗੇ

**ਅਬ ਮੈ ਕਉਨੁ ਉਪਾਉ ਕਰਉ।** (ਪੰਨਾ ੬੮੫

ਫਿਰ ਖਿਆਲ ਆਇਆ ਕਿ ਗੁਰੂ ਜੀ ਤਾਂ ਲਿਖਦੇ ਹਨ

**ਅਉਖੀ ਘੜੀ ਨ ਦੇਖਣ ਦੇਈ ਅਪਨਾ ਬਿਰਦੁ ਸਮਾਲੇ**

ਪਤਾ ਨਹੀਂ ਮੇਰੇ ਕੋਲੋਂ ਕਿਹੜੀ ਅਵੱਗਿਆ ਹੋ ਗਈ ਹੈ ਕਿ ਮੇਰੇ ਤੇ ਇਹ ਬਿਪਤਾ ਆਣ ਬਣੀ ਹੈ। ਇਹ ਸੋਚਦਿਆਂ ਹੀ ਆਹ ਨਿਕਲ ਗਈ – ਪੰਨਾ ੬੮੨

ਹੇ ਸਤਿਗੁਰੂ ਰਾਮ ਸਿੰਘ ਜੀ।

**ਕਿਰਪਾ ਕਰਹੁ ਦੀਨ ਕੇ ਦਾਤੇ**

**ਮੇਰਾ ਗੁਣੁ ਅਵਗਣੁ ਨ ਬੀਚਾਰਹੁ ਕੋਈ।** (ਪੰਨਾ ੮੮੨)

ਹੇ ਸਤਿਗੁਰੂ ਜੀ, ਮੈਂ

**ਜੇ ਭੁਲੀ ਜੇ ਚੁਕੀ ਸਾਈ ਭੀ ਤਹਿੰਜੀ ਕਾਢੀਆ।** (ਪੰਨਾ ੧੦੯੬

ਹੇ ਗ਼ਰੀਬ ਨਿਵਾਜ ਜੀ

**ਅਬ ਰਾਖਹੁ ਦਾਸ ਭਾਟ ਕੀ ਲਾਜ** (ਪੰਨਾ ੧੪੦੦

ਹੇ ਸਤਿਗੁਰੂ ਜੀ, ਮੇਰਾ ਇਮਤਿਹਾਨ ਨ ਲਉ

**ਹਮਰੀ ਗਣਤ ਨ ਗਣੀਆ ਕਾਈ**

**ਅਪਣਾ ਬਿਰਦੁ ਪਛਾਣਿ।**

ਇਸ ਤਰ੍ਹਾਂ ਤਰਲੇ ਅਥਵਾ ਅਰਦਾਸ ਕਰਦਿਆਂ ਭਾਈ ਜੀ ਨੂੰ ਕੁਝ ਤਰੇਹ ਲਗੀ। ਨੇੜੇ ਹੀ ਇਕ ਖੂਹ ਦਿੱਸ ਪਿਆ। ਜਦੋਂ ਕੋਲ ਜਾ ਕੇ ਵੇਖਿਆ ਤਾਂ ਉੱਥੇ ਖੂਹ ਨਹੀਂ ਸੀ ਬਉਲੀ ਸੀ। ਭਾਈ ਜੀ ਨੂੰ ਭੁਖ ਵੀ ਲੱਗੀ ਹੋਈ ਸੀ ਅਤੇ ਤਰੇਹ ਵੀ। ਭਾਈ ਜੀ ਨੇ ਪੰਜ ਇਸ਼ਨਾਨਾ ਕੀਤਾ ਅਤੇ ਜਲ ਛਕਿਆ। ਜਲ ਛਕਣ ਉਪਰੰਤ ਜਦੋਂ ਉੱਠੇ ਤਾਂ ਅਚਾਨਕ ਹੀ ਉਨ੍ਹਾਂ ਨੂੰ ਬਉਲੀ ਦੇ ਦੂਜੇ ਪਾਸੇ ਇਕ ਥੈਲੀ ਪਈ ਹੋਈ ਦਿੱਸੀ।

ਸਿਆਣੇ ਆਦਮੀ ਕਹਿੰਦੇ ਹਨ ਕਿ ਸਚਾਈ ਦੀ ਪਰਖ ਔਖੇ ਸਮੇਂ ਵਿੱਚ ਸਚਾਈ ਤੇ ਕਾਇਮ ਰਹਿਣ ਨਾਲ ਹੁੰਦੀ ਹੈ। ਭਾਈ ਜੀ ਬਾਰਾਂ ਪਹਿਰ ਦੇ ਭੁੱਖੇ ਸਨ, ਪੈਂਡਾ ਵੀ ਹਾਲੀ ੭੦੦-੮੦੦ ਮੀਲ ਬਾਕੀ ਸੀ। ਅੰਨ ਮੁੱਲ ਲੈਣ ਵਾਸਤੇ ਇਕ ਪੈਸਾ ਵੀ ਕੋਲ ਨਹੀਂ ਸੀ ਅਤੇ ਨ ਹੀ ਕਿਤਲੋਂ ਮਿਲਣ ਦੀ ਆਸ ਸੀ। ਫਿਰ ਮੰਗ ਕੇ ਖਾਣ ਦਾ ਵੀ ਹੁਕਮ ਨਹੀਂ ਸੀ। ਇਸ ਹਾਲਤ ਵਿਚ ਵੀ ਭਾਈ ਜੀ ਅਪਣੀ ਸਚਾਈ ਤੇ ਕਾਇਮ ਰਹੇ। ਪਰਾਇਆ ਹੱਕ ਸਮਝ ਕੇ ਥੈਲੀ ਫੜ ਤਾਂ ਲਈ ਪਰ ਥੈਲੀ ਫੜੀ ਵੀ ਇਸ ਲਈ ਸੀ ਕਿ ਜਿਸ ਦੀ ਹੋਵੇਗੀ ਉਸਨੂੰ ਦੇ ਦੇਵਣਗੇ

**ਥੈਲੀ ਹਾਥ ਬਿਖੈ ਲਟਕਾਈ**

**ਪੂਛੇ ਜੋ, ਦੇਵੋਂ ਤਿਸ ਤਾਈ**

ਭਾਈ ਜੀ ਨੇ ਸੋਚਿਆ ਕਿ ਸ਼ਾਇਦ ਕੋਈ ਭੁੱਲ ਗਿਆ ਹੋਵੇਗਾ। ਉਨ੍ਹਾਂ ਥੈਲੀ ਹੱਥ ਵਿਚ ਫੜ ਕੇ ਲਟਕਾ ਲਈ ਅਤੇ ਅਪਣੇ ਸਫਰ ਵਾਸਤੇ ਤੁਰ ਪਏ। ਰਾਹ ਵਿਚ ਮਿਲਦੇ ਹਰ ਰਾਹੀ ਨੂੰ ਪੁੱਛਦੇ ਜਾਂਦੇ ਸਨ ਕਿ ਇਹ ਥੈਲੀ ਉਸਦੀ ਤੇ ਨਹੀਂ? ਜੇ ਉਸ ਦੀ ਹੈ ਤਾਂ ਲੈ ਲਵੇ ਪਰ ਕਿਸੇ ਨੇ ਵੀ ਝੂਠ ਬੋਲ ਕੇ ਵੀ ਨ ਲਈ। ਭਾਈ ਜੀ ਤਾਂ ਚਾਹੁੰਦੇ ਸਨ ਕਿ ਜਿਸਦੀ ਹੋਵੇ ਉਹ ਲੈ ਲਵੇ ਤਾਂ ਜੋ ਇਸ ਪਰਾਏ ਧਨ ਤੋਂ ਬਚ ਜਾਣ ਪਰ ਉਸਦਾ ਕੋਈ ਮਾਲਕ ਨ ਬਣਿਆ। ਜਦੋਂ ਪੁਛਦੇ ਪੁਛਦੇ ਚੋਖੀ ਦੂਰ ਚਲੇ ਗਏ ਤਾਂ "**ਘਟ ਘਟ ਕੇ ਅੰਤਰ ਕੀ ਜਾਨਤ**" ਵਾਲੇ ਸਤਿਗੁਰੂ ਜੀ ਨੇ ਭਾਈ ਜੀ ਦੀ ਚਿੰਤਾ ਮਿਟਾਉਣ ਲਈ ਭਾਈ ਜੀ ਨੂੰ ਜਾਣਾਇਆ ਕਿ ਇਹ ਥੈਲੀ ਤਾਂ ਮੈਂ ਖੁਦ ਤੇਰੇ ਖਰਚੇ ਲਈ ਬਉਲੀ ਦੇ ਕੰਢੇ ਰਖੀ ਸੀ, ਤੂੰ ਨਿਸੰਗ ਹੋ ਕੇ ਵਰਤ। ਭਾਈ ਤੂੰ ਜੋ ਖਰਚੇ ਤੋਂ ਬਿਨਾਂ ਭੁਖਾ ਹੈਂ ਮੈਂ ਤੇਰੇ ਖਰਚੇ ਵਾਸਤੇ ਹੀ ਉੱਥੇ ਰਖੀ ਸੀ। ਭਾਈ ਤੂੰ ਯਾਦ ਰਖ ਕਿ ਜਿਹੜਾ ਸਤਿਗੁਰੂ ਦੀ ਸੇਵਾ ਕਰਦਾ ਹੈ ਸਤਿਗੁਰੂ ਉਹਦਾ ਹਰ ਤਰ੍ਹਾਂ ਦਾ ਖਿਆਲ ਰਖਦੇ ਹਨ।

**ਸਤਿਗੁਰੂ ਸਿਖ ਕੀ ਕਰੈ ਪ੍ਰਤਿਪਾਲ।**

ਅਥਵਾ

**ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ।**

(ਪੰਨਾ ੨੮੬)

ਜਦੋਂ ਭਾਈ ਜੀ ਨੂੰ ਆਕਾਸ਼ਬਾਣੀ ਰਾਹੀਂ ਥੈਲੀ ਬਾਰੇ ਪਤਾ ਲਗਾ ਤਾਂ ਆਪ ਮੁਹਾਰੇ ਮੂੰਹੋਂ ਨਿਕਲ ਗਿਆ

**ਧੰਨ ਸਤਿਗੁਰੂ ਰਾਮ ਸਿੰਘ, ਧੰਨ ਹੈਂ ਤੂੰ**

Sri Satguru Jagjit Singh Ji Elibrary NamdhariElibrary@gmail.com

ਭਾਈ ਜੀ ਉੱਥੇ ਹੀ ਸਤਿਗੁਰੂ ਜੀ ਦਾ ਧਿਆਨ ਧਰਕੇ
ਧਰਤੀ ਤੇ ਸਿਰ ਧਰਕੇ ਨਮਸਕਾਰ ਕਰਦੇ ਹੋਇ ਕਹਿੰਦੇ ਹਨ

ਸਤਿਗੁਰ ਮੈ ਬਲਿਹਾਰੀ ਤੋਰ
ਜਿਨਿ ਸਕਲ ਬਿਕਲ ਭ੍ਰਮ ਕਾਟੇ ਮੋਰ । (ਪੰਨਾ ੧੧੯੫)

ਹੇ ਸਤਿਗੁਰੂ ਰਾਮ ਸਿੰਘ ਜੀ ਮੇਰੀ ਕਰੋੜ ਵਾਰੀ ਆਪ ਜੀ ਨੂੰ ਨਮਸਕਾਰ ਹੈ

ਡੰਡਉਤਿ ਬੰਦਨ ਅਨਿਕ ਬਾਰ
ਸਰਬ ਕਲਾ ਸਮਰਥ । (ਪੰਨਾ ੨੫੬)

ਸਤਿਗੁਰੁ ਦਯਾ ਨਿਧਿ, ਮਹਿਮਾ ਅਗਾਧਿ ਬੋਧ
ਨਮੋ ਨਮੋ ਨਮੋ ਨਮੋ ਨੇਤਿ ਨੇਤਿ ਨੇਤਿ ਹੈ (ਭਾਈ ਗੁਰਦਾਸ ਜੀ)

ਹੇ ਸੱਚੇ ਪਾਤਸ਼ਾਹ ਜੀ, ਤੁਸੀਂ ਬੇਅੰਤ ਹੋ

ਆਹਿ ਬਿਅੰਤ ਅੰਤ ਨਹਿ ਤੇਰੇ। ਤੂੰ ਸਾਚੋ ਪ੍ਰਭ ਗੁਣੀ ਗਹੇਰੋ ।
ਤੈ ਜੇਵਡ ਕੋ ਨਾਹੀ ਦਾਤਾ । ਤੈਂ ਹੈ ਪੂਰਨ ਪੁਰਖ ਬਿਧਾਤਾ ।

ਹੇ ਸਤਿਗੁਰੂ ਜੀ, ਜਾਂਦੀ ਵੇਰ ਤੁਸਾਂ ਮੈਨੂੰ ਸ਼ੇਰ ਤੋਂ ਬਚਾਇਆ
ਸਿੰਘ ਪਾਸ ਤੇ ਮੋਹਿ ਛੁਡਾਯੋ

ਅਤੇ ਹੁਣ ਮੈਨੂੰ ਨਿਆਸਰੇ ਨੂੰ ਧਨ ਪਦਾਰਥ ਬਖਸ਼ਿਆ ਹੈ
ਅਬ ਮਗ ਤੇ ਮਾਮੋਹਿ ਪਚਾਯੋ

ਵਾਹਿ ਵਾਹਿ ਗੁਰ ਜਗ ਕੇ ਵਾਲੀ ।
ਵਾਹਿ ਵਾਹਿ ਗੁਰ ਜਗ ਕੇ ਵਾਲੀ । (ਸੰਤ ਧਿਆਨ ਸਿੰਘ ਜੀ)

ਹੁਣ ਭਾਈ ਜੀ ਨੂੰ ਨਿਸਚਾ ਹੋ ਗਿਆ ਸੀ
ਕਿ ਸਤਿਗੁਰੂ ਜੀ

ਜਹ ਜਹ ਕਾਜ ਕਿਰਤਿ ਸੇਵਕ ਕੀ
ਤਹਾ ਤਹਾ ਉਠਿ ਧਾਵੈ । (ਪੰਨਾ ੪੦੩)

ਅਤੇ ਜੋ ਜੋ ਕਹੈ ਠਾਕੁਰ ਪਹਿ ਸੇਵਕੁ, ਤਤਕਾਲ ਹੋਇ ਆਵੈ

Sri Satguru Jagjit Singh Ji Elibrary NamdhariElibrary@gmail.com

ਹੁਣ ਭਾਈ ਜੀ ਅਪਣੇ ਮਨ ਨੂੰ ਸਮਝਾਂਦੇ ਹਨ
ਕਿ ਹੇ ਮਨ ਸਤਿਗੁਰੂ ਜੀ ਤੋਂ ਬਿਨਾਂ ਸਾਰੇ ਆਸਰੇ ਝੂਠੇ ਅਥਵਾ ਕੂੜੇ ਹੀ ਹਨ

ਮੇਰੇ ਮਨ ਆਸਾ ਕਰਿ ਜਗਦੀਸ ਗੁਸਾਈ ॥
ਜੋ ਬਿਨੁ ਹਰਿ, ਆਸ ਅਵਰ ਕਾਹੂ ਕੀ ਕੀਜੈ,
ਸਾ ਨਿਹਫਲ ਆਸ ਸਭ ਬਿਰਥੀ ਜਾਈ ॥ ਰਹਾਉ ॥
ਜੋ ਦੀਸੈ ਮਾਇਆ ਮੋਹ ਕੁਟੰਬੁ ਸਭੁ,
ਮਤ ਤਿਸ ਕੀ ਆਸ ਲਗਿ ਜਨਮੁ ਗਵਾਈ ॥
ਇਨ੍ ਕੈ ਕਿਛੁ ਹਾਥਿ ਨਹੀ, ਕਹਾ ਕਰਹਿ ਇਹਿ ਬਪੁੜੇ,
ਇਨ੍ ਕਾ ਵਾਹਿਆ ਕਛੁ ਨ ਵਸਾਈ ॥

ਅਥਵਾ ਭੈਣ ਭਾਈ ਸਭਿ ਸਜਣਾ ਤੁਧੁ ਜੇਹਾ ਨਾਹੀ ਕੋਇ ਜੀਉ (ਪੰਨਾ ੮੫੬)

ਸਤਿਗੁਰ ਤੁਲਿ ਨ ਮਿਹਰਵਾਨ, ਮਾਤਾ ਪਿਤਾ ਨ ਦੇਵ ਸਬਾਏ,
ਡਿਠੇ ਸਭੇ ਠੋਕਿ ਵਜਾਏ । (ਭਾਈ ਗੁਰਦਾਸ ਜੀ)

ਭਾਈ ਜੀ ਕਹਿੰਦੇ ਹਨ, ਹੇ ਮਨ ਪ੍ਰਤੱਖ ਨੂੰ ਪ੍ਰਮਾਣ ਦੀ ਲੋੜ ਨਹੀਂ
ਤੂੰ ਆਪ ਹੀ ਵੇਖ ਲਿਆ ਹੈ

ਈਹਾਂ ਤੇਰਾ ਕੋਣ ਸਹਾਈ, ਬਾਤੀ ਸਤਿਗੁਰ ਜਾਂਹਿ ਪਚਾਈ,
ਇਸ ਲਈ ਹੇ ਮਨ ਤੂੰ ਨਿਸਚਾ ਕਰ (ਸੰਤ ਧਿਆਨ ਸਿੰਘ ਜੀ)

ਬਾਵਰ ਭੂਲੇ ਰੇ ਮਨ ਮੂੜੇ
ਬਿਨ ਗੁਰ ਸਰਬ ਆਸਰੇ ਕੂੜੇ ॥

ਹੁਣ ਭਾਈ ਜੀ ਨੂੰ ਪੂਰਨ ਨਿਸਚਾ ਹੋ ਗਿਆ ਸੀ ਕਿ ਇਹ ਥੈਲੀ ਮੇਰੇ ਵਾਸਤੇ ਹੀ ਸਤਿਗੁਰੂ ਜੀ ਰਖ ਗਏ ਹਨ ।

## ਗੂੜੀ ਛੰਨੀ ਨਾਹੀ ਬਾਤ ।
## ਗੁਰੁ ਨਾਨਕੁ ਤੁਠਾ ਕੀਨੀ ਦਾਤਿ ।

ਫਿਰ ਉਨ੍ਹਾਂ ਨੇ ਨਿਝੱਕ ਹੋ ਕੇ ਉਹ ਥੈਲੀ ਖੋਲੀ । ਵਿਚ ੧੦੭ (ਪੰਨਾ ੮੦੬ ਰੁਪਏ ਸਨ । ੩ ਰੁਪਏ ਆਲਮਗੀਰੀ, ੪ ਰੁਪਏ ਚੌਰਸ ਅਤੇ ੧੦੦ ਰੁਪਏ ਅੰਗਰੇਜ਼ੀ ਮੋਹਰ ਵਾਲੇ ਸਨ । ਭਾਈ ਜੀ ਬੜੇ ਖੁਸ਼ ਹੋਏ । ਖੁਸ਼ੀ ਵਿਚ ਸਤਿਗੁਰੂ ਜੀ ਦਾ ਧੰਨਵਾਦ ਕੀਤਾ । ਲੋੜ ਅਨੁਸਾਰ ਵਰਤਣ ਵਾਸਤੇ ਕੁਝ ਰਕਮ ਕਢ ਲਈ ਅਤੇ ਬਾਕੀ ਦੇ ਰੁਪਏ ਥੈਲੀ ਵਿਚ ਹੀ ਪਾ ਲਏ ।

ਰਾਹ ਵਿਚੋਂ ਕਿਸੇ ਦੁਕਾਨ ਤੋਂ ਰਸਦ ਮੁੱਲ ਲਈ, ਅੰਨ ਪਕਾਇਆ ਅਤੇ ਅਰਦਾਸ ਕਰ ਕੇ ਛਕਿਆ ।

## ਭੁਖਿਆ ਗੰਢ ਪਵੈ ਜਾ ਖਾਇ

ਅਨੁਸਾਰ ਜਦੋਂ ਅੰਨ ਛਕਿਆ, ਪ੍ਰਾਨਾਂ ਨੂੰ ਸੁਖ ਹੋ ਗਿਆ, ਕੁਝ ਆਰਾਮ ਕੀਤਾ ਅਤੇ ਫਿਰ ਨੇਮ ਅਨੁਸਾਰ ਸਫਰ ਕਰਨ ਲਗ ਪਏ । ਹੁਣ ਭਾਈ ਜੀ ਖੁਸ਼ੀ ਖੁਸ਼ੀ ਅਤੇ ਕਾਹਲੀ ਕਾਹਲੀ ਆਪਣਾ ਪੈਂਡਾ ਮੁਕਾਈ ਜਾ ਰਹੇ ਸਨ । ਰਾਹ ਵਿਚ ਜਿਹੜਾ ਜੰਗਲੀ ਪੈਂਡਾ ਸੀ ਉਹ ਵੀ ਬੇਖੌਫ ਹੋ ਕੇ ਮੁਕਾ ਲਿਆ । ਸਫਰ ਕਰਦੇ ਕਰਦੇ ਸ੍ਰੀ ਭੈਣੀ ਸਾਹਿਬ ਦੇ ਨੇੜੇ ਪਹੁੰਚ ਗਏ । ਹਾਲਾਂ ਸ੍ਰੀ ਭੈਣੀ ਸਾਹਿਬ ਤੋਂ ਦੋ ਕੁ ਮੀਲ ਦੂਰ ਸਨ ਕਿ ਉਸ ਵਕਤ ਸ੍ਰੀ ਭੈਣੀ ਸਾਹਿਬ ਵਿਚ ਲੱਗੇ ਦੀਵਾਨ ਵਿਚੋਂ ਅੰਤਰਜਾਮੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਉੱਠ ਖਲੋਤੇ ਅਤੇ ਸਾਧ ਸੰਗਤ ਨੂੰ ਦੱਸੇ ਬਿਨਾਂ ਹੀ ਆਪਣੇ ਪਿਆਰੇ ਸਿੱਖ ਭਾਈ ਰਾਇ ਸਿੰਘ ਜੀ ਨੂੰ ਮਿਲਣ ਵਾਸਤੇ ਅਥਵਾ ਅਗੋਂ ਲਿਆਉਣ ਵਾਸਤੇ ਇਸ ਤਰ੍ਹਾਂ ਕਾਹਲਿਆਂ ਤੁਰ ਪਏ ਜਿਵੇਂ ਸੁਦਾਮੇ ਜੀ ਦੇ ਆਉਣ ਦੀ ਖਬਰ ਸੁਣਦਿਆਂ ਸਾਰ ਸ੍ਰੀ ਕ੍ਰਿਸ਼ਨ ਮਹਾਰਾਜ ਜੀ

## ਦੂਰਹੁ ਦੇਖਿ ਡੰਡਉਤਿ ਕਰਿ
## ਛਡਿ ਸਿੰਘਾਸਣੁ ਹਰਿ ਜੀ ਆਏ

ਤਕਰੀਬਨ ਇਕ ਮੀਲ ਤੇ ਭਾਈ ਜੀ ਨੂੰ ਜਾ ਦਰਸ਼ਨ ਦਿੱਤੇ । ਭਾਈ ਜੀ ਦਰਸ਼ਨ ਕਰਦਿਆਂ ਸਾਰ ਹੀ ਸਤਿਗੁਰੂ ਜੀ ਦੇ ਚਰਨਾਂ ਤੇ ਢਹਿ ਪਏ

## ਦੌਰ ਤਪੈ ਪਗ ਪਰ ਲਪਟਾਇਆ

ਅਤੇ ਫਿਰ

ਦਰਸਨ ਦੇਖਤ ਹੀ ਸੁਧ ਕੀ ਨ ਸੁਧ ਰਹੀ
ਬੁਧਿ ਕੀ ਨ ਬੁਧਿ ਰਹੀ, ਮਤਿ ਮੈਂ ਨ ਮਤਿ ਹੈ ॥

ਸ੍ਰੀ ਸਤਿਗੁਰੂ ਜੀ ਨੇ ਭਾਈ ਜੀ ਨੂੰ ਬਾਹਵਾਂ ਤੋਂ ਫੜ ਕੇ ਆਪਣੀ ਛਾਤੀ ਨਾਲ ਲਾਇਆ। ਹੁਣ ਇਹ ਸੁਖ ਤਾਂ ਭਾਈ ਜੀ ਹੀ ਜਾਣਦੇ ਹੋਣਗੇ। ਅਸੀਂ ਜੀਵ ਇਸ ਸੁਖ ਬਾਰੇ ਕੀ ਲਿਖ ਸਕਦੇ ਹਾਂ? ਸਤਿਗੁਰੂ ਜੀ ਨੇ ਭਾਈ ਜੀ ਦੀ ਕੰਡ ਤੇ ਹੱਥ ਫੇਰਦਿਆਂ ਪੁੱਛਿਆ, "ਸੁਣ ਭਾਈ, ਰਾਜ਼ੀ ਖੁਸ਼ੀ ਰਿਹਾ ਹੈਂ? ਕੋਈ ਤਕਲੀਫ਼ ਤੇ ਨਹੀਂ ਹੋਈ?" ਭਾਈ ਜੀ ਨੇ ਆਦਰ ਸਹਿਤ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ, "ਗ੍ਰੀਬ ਨਿਵਾਜ ਜੀ, ਤੁਹਾਡੀ ਕਿਰਪਾ ਨਾਲ ਅਨੰਦ ਰਿਹਾ ਹਾਂ,

ਹੇ
ਪਾਰਬ੍ਰਹਮ ਅਪਰੰਪਰ ਸੁਆਮੀ
ਸਗਲ ਘਟਾ ਕੇ ਅੰਤਰਜਾਮੀ। ਜੀ
ਤੁਮਰੀ ਕ੍ਰਿਪਾ ਤੇ ਸਦਾ ਸੁਖੁ ਹੋਇ। (ਪੰਨਾ ੧੯੩

ਹੇ ਸਤਿਗੁਰੂ ਜੀ,
ਤੂੰ ਕਰਤਾ ਸਭੁ ਕਿਛੁ ਆਪੇ ਜਾਣਹਿ,
ਕਿਆ ਤੁਧੁ ਪਹਿ ਆਖਿ ਸੁਣਾਈਐ ॥ (ਪੰਨਾ ੭੩੫

ਹੇ ਸੱਚੇ ਪਾਤਿਸ਼ਾਹ ਜੀ,
ਤੁਮਰੀ ਮਹਿਮਾ ਬਰਨਿ ਨ ਸਾਕਉ,
ਤੂੰ ਠਾਕੁਰ ਊਚ ਭਗਵਾਨ।

ਸੰਤ ਧਿਆਨ ਸਿੰਘ ਜੀ ਇਸ ਤਰ੍ਹਾਂ ਲਿਖਦੇ ਹਨ
ਰਾਇ ਸਿੰਘ ਕਰ ਜੋਰ ਉਚਾਰੇ। ਮੈਂ ਜਾਵੋਂ ਗੁਰ ਕੇ ਬਲਿਹਾਰੇ,
ਕ੍ਰਿਪਾ ਆਪ ਕੀ ਰਹਯੋ ਅਨੰਦ।

Sri Satguru Jagjit Singh Ji Elibrary NamdhariElibrary@gmail.com

# ਬੋਲੇ ਤਬ ਮੁਸਕਾਇ ਮੁਕੰਦ

ਸਤਿਗੁਰੂ ਜੀ ਨੇ ਮੁਸਕਰਾਂਦਿਆਂ ਹੋਇਆਂ ਭਾਈ ਜੀ ਨੂੰ ਪੁੱਛਿਆ ਕਿ ਭਾਈ ਮੈਨੂੰ ਪਤਾ ਲਗਾ ਹੈ ਕਿ ਰਾਹ ਵਿਚ ਜੰਗਲ ਵਿਚ ਇਕ ਭਿਆਨਕ ਸ਼ੇਰ ਪੈਂਦਾ ਹੈ ਕੀ ਤੂੰ ਤਾਂ ਉਸ ਤੋਂ ਬਚਿਆ ਰਿਹਾ ਹੈਂ ਨਾ ? ਤੈਨੂੰ ਤਾਂ ਉਹ ਸ਼ੇਰ ਨਹੀਂ ਨਾ ਪਿਆ ? ਭਾਈ ਮੈਨੂੰ ਤਾਂ ਬੜਾ ਫਿਕਰ ਲਗਾ ਰਿਹਾ ਕਿ ਸ਼ੇਰ ਕਿਤਲੇ ਰਾਇਸਿੰਘ ਨੂੰ ਨਾ ਪਿਆ ਹੋਵੇ । ਇਹ ਸੁਣਦਿਆਂ ਸਾਰ ਭਾਈ ਜੀ ਫਿਰ ਸਤਿਗੁਰੂ ਜੀ ਦੇ ਚਰਨਾਂ ਤੇ ਬਾਰ ਬਾਰ ਨਮਸਕਾਰ ਕਰਦੇ ਹੋਏ ਸਜਲ ਨੇਤਰਾਂ ਨਾਲ ਬੇਨਤੀ ਕਰਨ ਲਗੇ ਮਹਾਰਾਜ, ਜੰਗਲ ਵਿਚ ਰਾਹ ਵਿਚ ਮਿਲੇ ਮੇਰੇ ਸਾਥੀ ਨੂੰ ਪਿਆ ਸੀ ਪਰ ਮੈਨੂੰ ਤਾਂ ਤੁਸਾਂ ਆਪ ਪ੍ਰਗਟ ਹੋ ਕੇ ਉਸ ਸ਼ੇਰ ਕੋਲੋਂ ਬਚਾਇਆ ਸੀ । ਸਤਿਗੁਰੂ ਜੀ, ਮੇਰੇ ਕੋਲ ਨਾ ਤਾਂ ਉਹ ਸ਼ਬਦ ਹਨ ਅਤੇ ਨਾ ਹੀ ਉਹ ਜ਼ੁਬਾਨ ਹੈ ਜਿਦੇ ਨਾਲ ਮੈਂ ਤੁਹਾਡਾ ਧੰਨਬਾਦ ਕਰ ਸਕਾਂ ਜਾਂ ਤੁਹਾਡੇ ਗੁਣ ਗਾ ਸਕਾਂ

ਊਚ ਅਪਾਰ ਬੇਅੰਤ ਸੁਆਮੀ
ਕਉਣੁ ਜਾਣੈ ਗੁਣ ਤੇਰੇ ॥ (ਪੰਨਾ ੮੦੨)

ਹੇ ਸੱਚੇ ਪਾਤਿਸ਼ਾਹ ਜੀ

ਹਉ ਕਿਆ ਸਾਲਾਹੀ ਕਿਰਮ ਜੰਤੁ
ਵਡੀ ਤੇਰੀ ਵਡਿਆਈ ॥ (ਪੰਨਾ ੧੬੪)

ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਵਾ, ਤੂ ਸਾਹਿਬ ਗੁਣੀ ਨਿਧਾਨਾ ॥
ਤੁਮਰੀ ਮਹਿਮਾ ਬਰਨਿ ਨ ਸਾਕਉ, ਤੂੰ ਠਾਕੁਰ ਊਚ ਭਗਵਾਨਾ ॥
(ਪੰਨਾ ੭੩੫)

ਬਾਰ ਬਾਰ ਖਿਨੁ ਪਲ ਸਭਿ ਗਾਵਹਿ
ਗੁਨ ਕਹਿ ਨ ਸਕਹਿ ਪ੍ਰਭ ਤੁਮਨਥੇ ॥
(ਪੰਨਾ ੧੩੨੦)

ਹੇ ਸਤਿਗੁਰੂ ਜੀ

ਬਾਰਨੈ ਬਲਿਹਾਰਨੈ ਲਖ ਬਰੀਆ ॥
(ਪੰਨਾ ੨੧੧)
ਬਾਰਿ ਜਾਉ ਲਖ ਬੇਰੀਆ (ਪੰਨਾ ੧੩੪੫)

ਹੇ ਸਤਿਗੁਰੂ ਜੀ, ਤੁਹਾਡਾ ਨਿਯਮ ਹੈ

ਜਬ ਜਬ ਹੋਤ ਅਰਿਸ਼ਟ ਅਪਾਰਾ ॥

ਤਬ ਤਬ ਦੇਹ ਧਰਤ ਅਵਤਾਰਾ ॥

ਇਸੇ ਪ੍ਰਤਿਗਜਾ ਅਨੁਸਾਰ ਹੀ ਆਪ ਜੀ ਨੇ ਸਤਿਜੁਗ ਵਿਚ ਬਾਵ ਬਾਵਨ ਰੂਪ ਧਾਰਿਆ ਸੀ

ਸਤਿਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ ॥

ਅਤੇ ਤ੍ਰੇਤੇ ਵਿਚ ਸ੍ਰੀ ਰਾਮ ਚੰਦ੍ਰ ਜੀ ਦਾ ਅਵਤਾਰ ਧਾਰਿਆ ਸੀ

ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ ॥

ਦੁਆਪੁਰ ਵਿਚ ਸ੍ਰੀ ਕ੍ਰਿਸ਼ਨ ਚੰਦ੍ਰ ਜੀ ਦਾ ਅਵਤਾਰ ਧਾਰਿਆ ਸੀ

ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ ॥

ਅਤੇ ਹੁਣ ਕਲਿਜੁਗਿ ਵਿਚ

ਕਲਿਜੁਗਿ ਪ੍ਰਮਾਣੁ ਨਾਨਕ

ਗੁਰੁ ਅੰਗਦੁ ਅਮਰੁ ਕਹਾਇਓ ॥

ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ ॥

ਉਸੇ ਨਾਨਕ ਰਾਜ ਦੇ ਹਾਜਰ ਜਾਨਸ਼ੀਨ ਆਪ ਜੀ ਹੋ
ਸੱਚੇ ਪਾਤਿਸ਼ਾਹ ਜੀ ਮੈਂ ਕੀਟ ਕੀ ਕਹਿ ਸਕਦਾ ਹਾਂ
ਆਪ ਜੀ ਦੇ ਬਾਰੇ ਤਾਂ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਆਪ ਇਸਤਰ੍ਹਾਂ ਲਿਖ ਗਏ ਹਨ

ਦੁਆਦਸ ਪੁਰਖ ਹੈ ਆਦਿ ਸੇ, ਸਭਹਨ ਕੇ ਸਿਰ ਮੌਰ ।

ਸ਼ਕਤ ਅਨੰਤੀ ਆਇ ਹੈਂ, ਆਦਿ ਇਹੈ, ਨਹੀ ਔਰ ॥

ਸੱਚੇ ਪਾਤਸ਼ਾਹ ਜੀ, ਮੈਨੂੰ ਆਪ ਜੀ ਨੂੰ ਵੇਖਣ ਵਾਲੇ ਨੇਤਰ ਬਖਸ਼ੋ

ਸਤਿਗੁਰੂ ਜੀ ਨੇ ਫਿਰ ਪੁੱਛਿਆ, ਭਾਈ, ਰਾਹ ਵਾਸਤੇ ਜਿਹੜਾ ਖਰਚਾ ਦਿੱਤਾ ਸੀ, ਉਹ ਪੂਰਾ ਆ ਗਿਆ ਸੀ ਕਿ ਨਹੀਂ, ਮੈਨੂੰ ਤਾਂ ਇਹ ਵੀ ਫਿਕਰ ਸੀ ਕਿ ਕਿਤੇ ਥੁੜ ਨਾ ਜਾਏ।"

ਭਾਈ ਜੀ ਨੇ ਫਿਰ ਬੇਨਤੀ ਕੀਤੀ, " ਜੀ, ਤੁਹਾਡੀ ਭੇਜੀ ਹੋਈ ਥੈਲੀ ਮਿਲ ਗਈ ਸੀ ਨਾਲੇ

ਜਿਸ ਕੇ ਸਿਰ ਊਪਰਿ ਤੂੰ ਸੁਆਮੀ ਸੋ ਦੁਖੁ ਕੈਸਾ ਪਾਵੈ ॥

ਸੰਤ ਧਿਆਨ ਸਿੰਘ ਜੀ ਲਿਖਦੇ ਹਨ

ਰਾਇ ਸਿੰਘ ਕੇ ਨੈਨਨ ਨੀਰਾ। ਵੈਰਾਗੀ ਗੁਰ ਪਗ ਧਰ ਧੀਰਾ।

ਮਾਨੋ ਚਰਨ ਪਖਾਰਤ ਗੁਰ ਕੇ। ਬਡੇ ਭਾਗ ਜਾਗੇ ਤਿਹ ਧਰ ਕੇ

ਭਾਈ ਜੀ ਨੇ ਵੈਰਾਗੀ ਹਾਲਤ ਵਿਚ ਅਪਣਾ ਸਿਰ ਸਤਿਗੁਰੂ ਜੀ ਦੇ ਚਰਨਾਂ ਉੱਤੇ ਧਰ ਦਿੱਤਾ। ਨੇਤਰਾਂ ਵਿਚੋਂ ਜਲ ਚਲ ਰਿਹਾ ਸੀ ਐਸਾ ਪ੍ਰਤੀਤ ਹੁੰਦਾ ਸੀ ਜਿਵੇਂ ਨੇਤਰਾਂ ਵਿਚੋਂ ਚਲ ਰਹੇ ਜਲ ਨਾਲ ਸਤਿਗੁਰੂ ਜੀ ਦੇ ਚਰਨ ਧੋ ਰਿਹਾ ਹੋਵੇ। ਜਦੋਂ ਕੁਝ ਹੋਸ਼ ਆਈ ਤਾਂ ਫਿਰ ਕਹਿਣ ਲਗਾ, " ਹੇ ਸਤਿਗੁਰੂ ਜੀ

ਸਤਿਜੁਗ ਰੂਪ ਧਰੇ ਤੁਮ ਬਾਵਨ।
ਕੀਨੋ ਬਲ ਰਾਜਾ ਕੋ ਪਾਵਨ।
ਤ੍ਰੇਤੇ ਰੂਪ ਰਾਮ ਜੀ ਧਾਰਿਓ।
ਦੇਵਨ ਕੋ ਸੁਖ, ਦੈਂਤ ਸੰਘਾਰਿਓ।
ਦੁਆਪਰ ਕ੍ਰਿਸ਼ਨ ਗੋਪੀਅਨ ਸਾਥਾ।
ਕੀਓ ਕੇਲ ਹੇ ਕੁਲ ਜਗ ਨਾਥਾ।
ਦੇਖ ਕਲੂ ਗਤਿ ਕੋ ਅੰਧਿਆਰਾ, ਨਾਨਕ ਨਾਮ ਭਗਤਿ ਬਪੁ ਧਾਰਾ,
ਸ੍ਰੀ ਗੋਬਿੰਦ ਹਰਿ ਖਾਲਸ ਮਗ ਕੋ, ਦਿਖਲਾਯੋ ਕ੍ਰਿਪਾ ਨਿਜ ਜਗ ਕੋ,
ਅਬ ਨਿਜ ਪੰਥ ਸੰਭਾਰਨ ਹੇਤ, ਪੁਨ ਉਤਰੇ ਹਰਿ ਰਾਮ ਸਹੇਤ

(ਸੰਤ ਧਿਆਨ ਸਿੰਘ ਜੀ)

ਹੇ ਸਤਿਗੁਰੂ ਜੀ

ਤੁਮਰੀ ਮਹਿਮਾ ਅਗਾਮ ਅਗਾਧੁ

ਹੇ ਸਤਿਗੁਰੂ ਜੀ

ਕਾਗਦ ਦੀਪ ਸਭੈ ਕਰਿ ਕੈ, ਅਰੁ ਸਾਤ ਸਮੁੰਦ੍ਰਨ ਕੀ ਮਸੁ ਕੈਹੋਂ ॥
ਕਾਟ ਬਨਾਸਪਤੀ ਸਗਰੀ, ਲਿਖਬੇ ਹੂੰ ਕੇ ਲੇਖਨ ਕਾਜ ਬਨੈ ਹੋਂ ॥
ਸਾਰਸਤੀ ਬਕਤਾ ਕਰਿ ਕੈ ਜੁਗ ਕੋਟਿ ਗਨੇਸ ਕੈ ਹਾਥਿ ਲਿਖੈਹੋਂ ॥

ਹੇ ਸੱਚੇ ਪਾਤਿਸ਼ਾਹ ਜੀ, ਮੈਂ ਭਾਵੇਂ ਸਾਰੀ ਧਰਤੀ ਦਾ ਕਾਗਜ਼ ਬਣਾ ਲਵਾਂ, ਸੱਤਾਂ ਸਮੁੰਦਰਾਂ ਦਾ ਪਾਣੀ ਸਿਆਹੀ ਬਣਾ ਲਵਾਂ, ਸਾਰੀ ਬਨਾਸਪਤੀ ਕੱਟ ਕੇ ਕਲਮਾਂ ਬਣਾ ਲਵਾਂ ਸੁਰਸ੍ਵਤੀ ਦੇਵੀ ਨੂੰ ਬੋਲਣ ਵਾਲੀ ਬਣਾ ਲਵਾਂ ਅਤੇ ਕ੍ਰੋੜਾਂ ਜੁਗ ਹੀ ਗਨੇਸ਼ ਦੇ ਹੱਥਾਂ ਨਾਲ ਤੁਹਾਡਾ ਜੱਸ ਲਿਖਦਾ ਰਹਾਂ ਪਰ ਫਿਰ ਵੀ ਸਤਿਗੁਰੂ ਜੀ,

ਤੁਸੀਂ ਬੇਸੁਮਾਰ ਬੇਅੰਤ ਸੁਆਮੀ ਹੋ

ਅਤੇ ਤੇਰੋ ਅੰਤੁ ਨ ਕਿਨਹੀ ਲਹੀਐ ॥

ਹੇ ਸਤਿਗੁਰੂ ਜੀ, ਤੁਹਾਨੂੰ ਤਾਂ ਸੇਸ ਮਹੇਸ ਗਨੇਸ ਧਿਆਵੈ ॥

ਪਰ ਬੇਅੰਤਾ ਕੋ ਅੰਤ ਨ ਪਾਵੈ ॥

ਹੇ ਸੱਚੇ ਪਾਤਸ਼ਾਹ ਜੀ ਤੁਹਾਡੀ ਮਾਇਆ ਬਹੁਤ ਪ੍ਰਬਲ ਹੈ

ਮਾਇਆ ਐਸੀ ਮੋਹਨੀ ਭਾਈ

ਜੇਤੇ ਜੀਅ ਤੇਤੇ ਡਹਕਾਈ । (ਪੰਨਾ ੧੧੬੦)

ਅਥਵਾ ਝੂਠੀ ਮਾਇਆ ਸਭੁ ਜਗੁ ਬਾਂਧਿਆ (ਪੰਨਾ ੪੮੨)

ਸਤਿਗੁਰੂ ਜੀ ਹੁਣ ਮੇਰੇ ਤੇ ਮਾਇਆ ਪਾ ਕੇ ਮੈਨੂੰ ਭੁਲਾਇਓ ਨ । ਕ੍ਰਿਪਾ ਕਰੋ ਜਿਸ ਤਰ੍ਹਾਂ ਆਪ ਜੀ ਨੇ, ਪਹਿਲਾਂ ਰਖਿਆ ਕੀਤੀ ਹੈ ਇਸੇ ਤਰ੍ਹਾਂ ਆਦਿ ਜੁਗਾਦਿ ਅਪਣਾ ਬਣਾਈ ਰੱਖਣਾ ।

# ਪਰਥਾਇ ਸਾਖੀ ਮਹਾਂਪੁਰਖ ਬੋਲਦੇ ਸਾਝੀ ਪਗਲ ਜਹਾਨੈ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸਿੱਖਿਆ ਤਾਂ ਭਾਈ ਰਾਇ ਸਿੰਘ ਜੀ ਨੂੰ ਦਿੱਤੀ ਸੀ ਪਰ ਹੈ ਇਹ ਸਿੱਖਿਆ ਸਾਰੀ ਸੰਗਤ ਵਾਸਤੇ । ਆਪ ਜੀ ਦੀ ਸਿਖਿਆ ਸੀ

ਨਾਮ ਜਪੋ ਜੋ ਹੋਤ ਸਹਾਈ (ਸੰਤ ਪਿਆਰਾ ਸਿੰਘ ਜੀ)

ਭਾਈ ਗੁਰੂ ਜੀ ਨੇ ਲਿਖਿਆ ਹੈ

ਹਰਿ ਹਰਿ ਨਾਮੁ ਜਪੰਤਿਆ, ਕਛੁ ਨ ਕਹੈ ਜਮਕਾਲੁ ॥
ਨਾਨਕ ਮਨੁ ਤਨੁ ਸੁਖੀ ਹੋਇ, ਅੰਤੇ ਮਿਲੈ ਗੋਪਾਲੁ ॥ (ਪੰਨਾ ੪੨੭

ਅਥਵਾ
ਜਿਸੁ ਮਨਿ ਵਸੈ ਪਾਰਬ੍ਰਹਮੁ ਨਿਕਟਿ ਨ ਆਵੈ ਪੀਰ
ਭੁਖ ਤਿਖ ਤਿਸੁ ਨ ਵਿਆਪਈ ਜਮੁ ਨਹੀ ਆਵੈ ਨੀਰ (ਪੰਨਾ ੧੧੦੨)

ਭਾਈ ਯਾਦ ਰਖ
ਸਰਬ ਰੋਗ ਕਾ ਅਉਖਦੁ ਨਾਮੁ (ਪੰਨਾ ੨੭੪)

ਭਾਈ
ਜਿਥੇ ਨਾ ਹੋਊ ਸਾਰੇ ਸੁਕ੍ਰਿਤ ਆ ਕਠੇ ਹੋਣਗੇ
ਅਰ ਸਾਰੀਈ (ਸਾਰੇ) ਦੁਕ੍ਰਿਤ ਭਜਿ ਜਾਣਗੇ

ਭਾਈ ਇਕ ਗਲ ਹੋਰ ਯਾਦ ਰਖੀ
ਗੁਰ ਸੇਵਾ ਤਪਾਂ ਸਿਰਿ ਤਪੁ ਸਾਰ

ਅਤੇ
ਸੇਵਾ ਕਰਤ ਹੋਇ ਨਿਹਕਾਮੀ
ਤਿਸੁ ਕਉ ਹੋਤ ਪਰਾਪਤਿ ਸੁਆਮੀ (ਪੰਨਾ ੨੮੬)

ਭਾਈ
ਗੁਰ ਸੇਵਾ ਤੇ ਭਗਤਿ ਕਮਾਈ
ਤਬ ਇਹ ਮਾਨਸ ਦੇਹੀ ਪਾਈ (ਪੰਨਾ ੧੧੫੯)

ਇਸ ਤਰ੍ਹਾਂ ਦੇ ਬਚਨ ਕਰਦੇ ਹੋਇ ਸਤਿਗੁਰੂ ਜੀ, ਭਾਈ ਜੀ ਨੂੰ ਨਾਲ ਲੈ ਕੇ

ਸ੍ਰੀ ਭੈਣੀ ਸਾਹਿਬ ਵਲ ਨੂੰ ਤੁਰ ਪਏ । ਰਾਹ ਵਿਚ ਭਾਈ ਜੀ ਦੇ ਦੱਸਣ ਤੋਂ ਬਿਨਾਂ ਹੀ, ਭਾਈ ਜੀ ਨਾਲ ਜੋ ਰਾਹ ਵਿਚ ਅਤੇ ਜੋ ਸ੍ਰੀ ਹਜ਼ੂਰ ਸਾਹਿਬ ਵਰਤਿਆ ਸੀ, ਉਹ ਸਾਰਾ ਹਾਲ, ਸਤਿਗੁਰੂ ਜੀ ਆਪ ਹੀ ਕਹਿੰਦੇ ਜਾ ਰਹੇ ਸਨ । ਜਿਵੇਂ ਕਿ ਰਾਹ ਵਿਚ ਜੰਗਲ ਵਿਚ ਸ਼ੇਰ ਕੋਲੋਂ ਸਤਿਗੁਰੂ ਜੀ ਨੇ ਭਾਈ ਜੀ ਨੂੰ ਬਚਾਇਆ ਸੀ, ਸ੍ਰੀ ਹਜ਼ੂਰ ਸਾਹਿਬ ਕਥਾ ਕਰਦਿਆਂ ਜਿਹੜੀ ਕਥਾ ਭੇਟ 300 ਰੁਪਏ ਹੋਈ ਸੀ ਉਹ ਸਾਰੀ ਦੀ ਸਾਰੀ ਗੁਰਦੁਆਰੇ ਮੱਥਾ ਟੇਕ ਦਿੱਤੀ ਸੀ, ਸ੍ਰੀ ਹਜ਼ੂਰ ਸਾਹਿਬ ਦੀ ਸਾਧ ਸੰਗਤ ਭਾਈ ਜੀ ਨਾਲ ਬੜਾ ਪਿਆਰ ਕਰਦੀ ਸੀ ਉੱਥੋਂ ਦੀ ਸੰਗਤ ਚਾਹੁੰਦੀ ਸੀ ਕਿ ਭਾਈ ਜੀ ਦਾ ਵਿਆਹ ਉੱਥੇ ਹੀ ਕਰਕੇ ਭਾਈ ਜੀ ਨੂੰ ਉੱਥੇ ਹੀ ਰੱਖਿਆ ਜਾਏ, ਭਾਈ ਜੀ ਦੇ ਵਾਪਸ ਆਉਣ ਲਗਿਆਂ ਸੰਗਤ ਨੇ ਬੜਾ ਵਿਰਲਾਪ ਕੀਤਾ ਸੀ, ਵਾਪਸ ਆਉਂਦਿਆਂ ਭਾਈ ਜੀ ਕੋਲੋਂ ਖਰਚਾ ਮੁੱਕ ਗਿਆ ਸੀ, ਭਾਈ ਜੀ ਬਾਰਾਂ ਪਹਿਰ ਭੁੱਖੇ ਰਹੇ ਸਨ, ਭਾਈ ਜੀ ਨੂੰ ਬਉਲੀ ਦੇ ਕੰਢੇ ਤੋਂ ਰੁਪਈਆਂ ਨਾਲ ਭਰੀ ਹੋਈ ਇਕ ਥੈਲੀ ਮਿਲੀ ਸੀ, ਇਤਿਆਦਿ ਸਾਰਾ ਹਾਲ ਸਤਿਗੁਰੂ ਜੀ ਆਪ ਹੀ ਦੱਸਦੇ ਜਾ ਰਹੇ ਸਨ

ਇਹ ਸਾਰੀਆਂ ਗੱਲਾਂ ਸੁਣ ਕੇ ਭਾਈ ਜੀ ਬੜੇ ਹੈਰਾਨ ਹੋਏ । ਸੋਚਣ ਲੱਗੇ ਕਿ ਸਤਿਗੁਰੂ ਜੀ ਤਾਂ ਇਸ ਤਰ੍ਹਾਂ ਗੱਲਾਂ ਦੱਸ ਰਹੇ ਹਨ ਜਿਵੇਂ ਕਿ ਉਹ ਮੇਰੇ ਅੰਗ ਸੰਗ ਹੀ ਰਹੇ ਹੋਣ । ਬਹੁਤੀ ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਸਤਿਗੁਰੂ ਜੀ ਤਾਂ ਕਈ ਐਸੀਆਂ ਗੱਲਾਂ ਦੱਸ ਰਹੇ ਹਨ ਜਿਹੜੀਆਂ ਕਿ ਮੈਨੂੰ ਆਪ ਨੂੰ ਵੀ ਯਾਦ ਨਹੀਂ ਰਹੀਆਂ ।

ਫਿਰ ਯਾਦ ਆਇਆ

ਅੰਤਰਜਾਮੀ ਸਭੁ ਕਿਛੁ ਜਾਨੈ
ਤਿਸ ਤੇ ਕਹਾ ਛਪਾਇਆ (ਪੰਨਾ ੩੮੫)

ਅਥਵਾ

ਘਟ ਘਟ ਕੇ ਅੰਤਰ ਕੀ ਜਾਨਤ

ਰਾਹ ਵਿਚ ਹੀ ਭਾਈ ਜੀ ਨੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ ਜੀ " ਤੁਸੀਂ ਤਾਂ ਸਭ ਕੁਝ ਜਾਣਦੇ ਹੋ ਪਰ ਸੰਗਤ ਨੂੰ ਤੁਹਾਡੇ ਕਉਤਕਾਂ ਦਾ ਪਤਾ ਕਿਸ ਤਰ੍ਹਾਂ ਲਗੇਗਾ ? ਸੱਚੇ ਪਾਤਸ਼ਾਹ ਜੀ, ਸੰਗਤ ਤਾਂ ਭੰਬਲ ਭੂਸਿਆਂ ਵਿਚ ਪਈ ਹੋਈ ਹੈ, ਕੋਈ ਕਿਸੇ ਪੁਜਾਰੀ ਕੋਲ ਜਾਂਦਾ ਹੈ ਕੋਈ ਕਿਸੇ ਮਹੰਤ ਕੋਲ । ਕੋਈ ਕਿਸੇ ਦੇਵਤੇ ਦੀ ਆਪੂੰ ਬਣਾਈ ਹੋਈ ਮੂਰਤੀ ਅੱਗੇ ਨੱਕ ਰਗੜਦਾ ਹੈ ਅਤੇ ਕੋਈ ਕਿਸੇ ਦੇਵਤੇ ਦੀ ਮੂਰਤੀ ਅੱਗੇ, ਕੋਈ ਕਿਸੇ ਮੜ੍ਹੀ ਨੂੰ ਪੂਜਦਾ ਅਤੇ ਕੋਈ ਕਿਸੇ ਕਬਰ ਨੂੰ ।

Sri Satguru Jagjit Singh Ji Elibrary NamdhariElibrary@gmail.com

ਕਾਹੂ ਲੈ ਪਾਹਨ ਪੂਜ ਧਰੋਸਿਰ, ਕਾਹੂ ਲੈ ਲਿੰਗੁ ਗਰੇ ਲਟਕਾਇਓ ॥

ਕਾਹੂ ਲਖਿਓ ਹਰਿ ਅਵਾਚੀ ਦਿਸਾ ਮਹਿ, ਕਾਹੂ ਪਛਾਹ ਕੋ ਸੀਸ ਨਿਵਾਇਓ ॥

ਕੋਊ ਬੁਤਾਨ ਕੋ ਪੂਜਤ ਹੈ ਪਸੁ, ਕੋਊ ਮ੍ਰਿਤਾਨ ਕਉ ਪੂਜਨ ਧਾਇਓ ॥

ਸਤਿਗੁਰੂ ਜੀ ਤੁਸੀ ਆਪ ਜੀ ਤਾਂ ਕਿਰਪਾ ਕਰ ਹੀ ਰਹੇ ਹੋ ਪਰ ਜਿਹੜਾ ਤੁਹਾਡੇ ਕਉਤਕ ਸੁਣੇ ਗਾ ਉਸ ਦੀ ਸ਼ਰਧਾ ਹੋਰ ਵੀ ਵਧ ਜਾਏਗੀ ।

ਸੱਚੇ ਪਾਤਸ਼ਾਹ ਜੀ, ਤੁਸੀਂ ਤਾਂ ਸਰਬੱਗ ਹੋ, ਸਭ ਕਿਛੁ ਜਾਣਦੇ ਹੀ ਹੋ ਪਰ ਮੈਂ ਮੂਰਖ ਮਨ ਪਰਚਾਵੇ ਵਾਸਤੇ ਅਰਜ ਕਰਦਾ ਹਾਂ ਕਿ ਜਦੋਂ ਸ੍ਰੀ ਸਤਿਗੁਰੂ ਹਰਿ ਕ੍ਰਿਸ਼ਨ ਜੀ ਨੇ

ਬਾਬਾ ਬਸਹਿ ਜੁ ਗਰਾਮ ਬਕਾਲੇ

ਬਨਿ ਗੁਰ ਸੰਗਤ ਸਗਲ ਸਮਾਲੇ ॥

ਦੇ ਸੰਕੇਤ ਨਾਲ, ਸ੍ਰੀ ਸਤਿਗੁਰੂ ਤੇਗ ਬਹਾਦਰ ਜੀ ਨੂੰ ਗੁਰ ਗੱਦੀ ਬਖਸ਼ੀ ਸੀ ਤਾਂ ਉਸ ਸਮੇਂ ਗੁਰੂ ਅੰਸ਼ ਵਿਚੋਂ ਬਾਈ ਸਰੀਰ, ਬਾਈ ਮੰਜੀਆਂ ਡਾਹ ਕੇ ਆਪੂੰ ਹੀ ਗੁਰੂ ਬਣ ਬੈਠੇ ਸਨ। ਪਰਚਾਰ ਕਰਵਾਉਣ ਵਾਸਤੇ ਸਭ ਨੇ ਬੁਲਾਰੇ ਰਖ ਲੈ ਸਨ। ਇਹ ਬੁਲਾਰੇ ਆਪਣੇ ਆਪਣੇ ਹੀ ਗੁਰੂ ਦਾ ਪਰਚਾਰ ਕਰਦੇ ਸਨ। ਸਾਰੀ ਸੰਗਤ ਭੰਬਲ ਭੂਸੇ ਵਿਚ ਪਈ ਹੋਈ ਸੀ।

ਕੂੜੁ ਅਮਾਵਸ, ਸਚੁ ਚੰਦ੍ਰਮਾ, ਦੀਸੈ ਨਾਹੀ ਕਹ ਚੜਿਆ ॥

ਅਥਵਾ ਅਧੇਰੈ ਰਾਹੁ ਨ ਕੋਈ ॥

ਫਿਰ ਜਦੋਂ ਮੱਖਣ ਸ਼ਾਹ ਨੇ ਆਪਣੀ ਭਾਵਨਾ ਸਿਰਫ ਸ੍ਰੀ ਸਤਿਗੁਰੂ ਤੇਗ ਬਹਾਦਰ ਜੀ ਜੀ ਰਾਹੀਂ ਪੂਰੀ ਹੋਈ ਵੇਖੀ ਤਾਂ ਉਸਨੇ ਸੰਗਤ ਦੇ ਭਲੇ ਵਾਸਤੇ ਆਪਣਾ ਮੂੰਹ ਆਪ ਕਾਲਾ ਕਰਕੇ ਪਲੂ ਫੇਰ ਕੇ ਦੁਹਾਈ ਦਿੱਤੀ ਸੀ ਕਿ

ਭੁਲੀਏ ਸੰਗਤੇ ਗੁਰ ਲਾਧੋ ਰੇ ।

ਸੱਚੇ ਪਾਤਸ਼ਾਹ ਜੀ, ਮੱਖਣ ਸ਼ਾਹ ਦਾ ਇਹ ਪਰਉਪਕਾਰ ਸਿੱਖ ਪੰਥ ਵਿਚ ਹਮੇਸ਼ਾ ਲਈ ਯਾਦ ਰਹੇਗਾ।

ਸਤਿਗੁਰੂ ਜੀ, ਹੁਣ ਵੀ ਸੰਗਤ ਭੰਬਲ ਭੂਸੇ ਵਿਚ ਪਈ ਹੋਈ ਹੈ। ਮੇਰਾ ਦਿਲ ਕਰਦਾ ਹੈ ਕਿ ਮੈਂ ਵੀ ਸੰਗਤ ਨੂੰ ਤੁਹਾਡੇ ਕਉਤਕ ਸੁਣਾ ਕੇ

ਸੰਗਤ ਦੀਆਂ ਖੁਸ਼ੀਆਂ ਲਵਾਂ, ਨਾਲੇ ਮੈਨੂੰ ਇਹਵੀ ਡਰ ਹੈ ਕਿ

## ਜਿਨਾ ਗੁਰੁ ਗੋਪਿਆ ਆਪਣਾ ਤੇ ਨਰ ਬੁਰਿਆਰੀ

(ਪੰਨਾ ੯੫੧)

ਸੱਚੇ ਪਾਤਸ਼ਾਹ ਜੀ, ਤੁਸਾਂ ਮੈਨੂੰ ਇਕ ਤਾਂ ਸ਼ੇਰ ਕੋਲੋਂ ਬਚਾਇਆ ਸੀ ਅਤੇ ਇਕ ਮੈਂ ਭੁੱਖੇ ਵਾਸਤੇ ਸੌਧਾ ਖਰੀਦਨ ਵਾਸਤੇ ਰੁਪਈਆਂ ਦੀ ਭਰੀ ਹੋਈ ਥੈਲੀ ਇਕ ਅਨੋਖੇ ਢੰਗ ਨਾਲ ਮੈਨੂੰ ਪਹੁੰਚਾਈ ਸੀ। ਸਤਿਗੁਰੂ ਜੀ, ਜਿਸ ਗੁਰੂ ਨੇ ਮੈਨੂੰ ਜੀਅ ਦਾਨ ਦਿੱਤਾ ਹੋਵੇ, ਜੇ ਮੈਂ ਉਹਦੀ ਸਾਖੀ ਸੰਗਤ ਨੂੰ ਨ ਸੁਣਾਵਾਂ ਤਾਂ ਦਸੋ ਮੇਰੇ ਵਰਗਾ ਅਕ੍ਰਿਤਘਣ ਕਉਣ ਹੋਵੇਗਾ? ਫਿਰ ਤਾਂ ਮੈਂ ਸੱਚਮੁੱਚ

## ਮੈ ਕੀਤਾ ਨ ਜਾਤਾ ਹਰਾਮਖੋਰ

॥ ਹੀ ਨਿਕਲਿਆ।

ਸੱਚੇ ਪਾਤਿਸ਼ਾਹ ਜੀ, ਮੇਰੇ ਕੋਲੋਂ ਰਿਹਾ ਨਹੀਂ ਜਾਣਾ, ਮੈਨੂੰ ਤਾਂ ਜਰੂਰ ਹੀ ਇਹ ਸਾਖੀ ਸੁਣਾਉਣੀ ਪੈਣੀ ਹੈ। ਮੈਂ ਤਾਂ

## ਸਾਚ ਕਹੋਂ ਜੋ ਹੈਨਨ ਹੇਰੀ

ਮੇਰੀ ਇਹ ਅਵੱਗਿਆ ਹੁਣੇ ਹੀ ਬਖਸ਼ ਦਿਓ ਜੀ

## ਆਪ ਹੀ ਬਖਸ਼ ਅਵੱਗਿਆ ਮੇਰੀ

(ਸੰਤ ਧਿਆਨ ਸਿੰਘ ਜੀ)

ਭਾਈ ਜੀ ਦੀ ਬੇਨਤੀ ਸੁਣ ਕੇ ਸਤਿਗੁਰੂ ਜੀ ਕੁਝ ਮੁਸਕਰਾਏ ਅਤੇ ਫਿਰ ਚੁੱਪ ਹੋ ਗਏ।

ਭਾਈ ਜੀ ਪ੍ਰੇਮ ਮਗਨ ਸਤਿਗੁਰੂ ਜੀ ਦੇ ਨਾਲ ਨਾਲ ਟੁਰੀ ਜਾਂਦੇ ਸਨ, ਸਹਿਜੇ ਸਹਿਜੇ ਦੀਵਾਨ ਸਥਾਨ ਤੇ ਪਹੁੰਚ ਗਏ। ਜਦੋਂ ਦੀਵਾਨ ਸਥਾਨ ਤੇ ਪਹੁੰਚੇ ਤਾਂ ਸਾਰੀ ਸੰਗਤ ਨੇ ਉਠ ਕੇ ਸਤਿਗੁਰੂ ਜੀ ਨੂੰ ਨਮਸਕਾਰ ਕੀਤੀ। ਸਤਿਗੁਰੂ ਜੀ ਅਪਣੇ ਸਿੰਘਾਸਣ ਤੇ ਬੈਠ ਗਏ ਅਤੇ ਭਾਈ ਜੀ ਸਿੰਘਾਸਣ ਦੇ ਕੋਲ ਹੀ ਬੈਠ ਗਏ ਫਿਰ ਜਦੋਂ ਸਤਿਗੁਰੂ ਜੀ ਨੇ ਰਹਿਤ ਮਰਯਾਦਾ ਬਾਰੇ ਪੁੱਛਿਆ ਤਾਂ ਭਾਈ ਜੀ ਨੇ ਲਿਖੀ ਹੋਈ ਸਾਰੀ ਰਹਿਤ ਮਰਯਾਦਾ ਅਰਜ਼ ਕਰ ਦਿੱਤੀ। ਸਤਿਗੁਰੂ ਜੀ ਨੇ ਇਹੋ ਰਹਿਤ ਮਰਯਾਦਾ ਸਿੱਖਾਂ ਵਿਚ ਪ੍ਰਚਲਤ ਕੀਤੀ।

ਭਾਈ ਰਾਇ ਸਿੰਘ ਜੀ, ਜਦੋਂ ਸ੍ਰੀ ਹਜ਼ੂਰ ਸਾਹਿਬ ਗਏ ਸਨ ਉਦੋਂ ਸਿਰਫ ਤੇਰਾਂ ਹੀ ਸਿੱਖ ਸਨ ਪਰ ਹੁਣ ਸਾਧ ਸੰਗਤ ਦਾ ਭਾਰੀ ਇਕੱਠ ਦੇਖਕੇ ਭਾਈ ਜੀ ਬੜੇ ਹੈਰਾਨ ਹੋਏ। ਖਿਆਲ ਆਇਆ ਕਿ ਸਤਿਗੁਰੂ ਜੀ ਬਾਰੇ ਜਿਹੜਾ ਲਿਖਿਆ ਹੋਇਆ ਹੈ

## ਜਾਮਾ ਪਹਿਰੋਂ ਬਾਰਵਾਂ ਪ੍ਰਗਟੈ ਆਦਿ ਰਘੁਵੰਸ਼

## ਸੰਗਤ ਮਿਲੈ ਅਨੰਤ ਤਬ ਜਾਨੋ ਕੋਟ ਸਹੰਸ।

ਇਹ ਤਾਂ ਸਾਰਾ ਠੀਕ ਹੀ ਹੁੰਦਾ ਦਿਸ ਰਿਹਾ ਹੈ।

ਦੀਵਾਨ ਦੀ ਸਮਾਤਪੀ ਪਿਛੋਂ ਸਤਿਗੁਰੂ ਜੀ ਤਾਂ ਡੇਰੇ ਚਲੇ ਗਏ ਪਰ ਭਾਈ ਜੀ ਨੂੰ ਸੰਗਤ ਨੇ ਘੇਰ ਲਿਆ। ਭਾਈ ਜੀ ਨੂੰ ਕੋਈ ਸਿੱਖ ਕੁਝ ਪੁੱਛੇ ਅਤੇ ਕੋਈ ਕੁਝ। ਭਾਈ ਜੀ ਨੇ ਉੱਚੀ ਆਵਾਜ਼ ਵਿਚ ਕਿਹਾ

" ਮੇਰੇ ਪਿਆਰੇ ਗੁਰ ਭਾਈਓ, ਤੁਸੀ ਵਡੇ ਭਾਗਾਂ ਵਾਲੇ ਜਿਹੜੇ ਇਨ੍ਹਾਂ ਦੇ (ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ) ਲੜ ਲਗੇ ਹੋ। ਮੈਂ ਤੁਹਾਡੀ ਜਾਣਕਾਰੀ ਵਾਸਤੇ ਦੱਸਦਾ ਹਾਂ ਕਿ ਇਹ ਹੀ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਹਨ, ਇਹ ਹੀ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਹਨ। ਇਹ ਹੀ ਸ੍ਰੀ ਰਾਮ ਚੰਦ੍ਰ ਜੀ ਹਨ ਅਤੇ ਸ੍ਰੀ ਕ੍ਰਿਸ਼ਨ ਭਗਵਾਨ ਜੀ ਹਨ।

ਇਨ੍ਹਾਂ ਨੇ ਹੀ ਨਰਸਿੰਘ ਰੂਪ ਧਾਰ ਕੇ

**ਹਰਨਾਖਸੁ ਛੇਦਿਓ ਨਖਬਿਦਾਰ,**

ਇਨ੍ਹਾਂ ਨੇ ਹੀ ਭਰੀ ਸਭਾ ਵਿਚ **ਬਸਤ੍ਰ ਛੀਨਤ ਦ੍ਰੋਪਤੀ ਰਖੀ ਲਾਜ,**

ਇਨ੍ਹਾਂ ਨੇ ਹੀ ਮਰਦਾਨੇ ਨੂੰ ਕੌਡੇ ਰਾਖਸ਼ ਕੋਲੋਂ ਬਚਾਇਆ ਸੀ।

ਇਨ੍ਹਾਂ ਨੇ ਹੀ ਮਰੇ ਹੋਏ ਮੂਸਨ ਨੂੰ ਜੀਵਾਇਆ ਸੀ।

ਇਨ੍ਹਾਂ ਨੇ ਹੀ ਗਜ਼ਨੀ ਦੇ ਨਵਾਬ ਦੇ ਦਰਬਾਰ ਵਿਚ ਭਾਈ ਤਿਲੋਕੇ ਦੀ ਜੀਵਾਂ ਤੇ ਰਹਿਮ ਕਰਨ ਵਾਸਤੇ ਰਖੀ ਹੋਈ ਲੱਕੜ ਦੀ ਤਲਵਾਰ ਨੂੰ, ਐਸਾ ਚਮਕਾਇਆ ਕਿ ਸਾਰੀ ਸਭਾ ਦੀਆਂ ਅੱਖਾਂ ਹੀ ਚੁੰਧਿਆ ਗਈਆਂ ਸਨ

ਗੁਰੂ ਭਾਈਓ, ਇਹ

ਸਤਿਗੁਰ ਹੈ ਪੂਰਨ ਅਵਤਾਰ
ਇਸ ਨੇ ਕਰਨੇ ਚੋਜ ਅਪਾਰ,
ਆਇਆ ਰੂਪ ਧਾਰਵਾਂ ਧਾਰ,
ਮਾਨੋ ਤਾਰਨ ਨੂੰ ਸੰਸਾਰ, (ਬਾਬਾ ਹੀਰਾ ਸਿੰਘ ਜੀ)

ਮੇਰੇ ਵੀਰੋ

ਜੀਹਨੂੰ ਆਖਦੇ ਅਕਾਲ, ਸੁਰਗ ਲੋਕ ਤੇ ਪਇਆਲ,
ਸੋਈ ਪ੍ਰਗਟਿਆ ਗੁਪਾਲ, ਰਾਮ ਸਿੰਘ ਜੋ ਕਹਾਂਵਦਾ,
ਜਿਹੜਾ ਸੁਣੀਂਦਾ ਸੀ ਦੂਰ, ਸੋਈ ਦੇਖਿਆ ਹਜ਼ੂਰ
ਜੀਕੂੰ ਪਾਣੀ ਉਤੇ ਬੂਰ ਪਉਣ ਛਿਨ ਮੈਂ ਹਟਾਂਵਦਾ,
(ਸੰਤ ਕਾਲਾ ਸਿੰਘ ਜੀ)

ਮੇਰੇ ਪਿਆਰੇ ਭਾਈਓ,

ਜਿਹੜਾ ਕਰਤਾ ਪੁਰਖ ਅਕਾਲ ਮੂਰਤਿ ਅਜੂਨੀ ਸੈਭੰ ਕਹਾਇਓ
ਅਤੇ ਜਿਹੜਾ ਨਿਰਭਉ ਤੇ ਨਿਰਵੈਰ ਹੈ ਖੰਡ ਬ੍ਰਹਿਮੰਡ ਵਿਚ ਰਹਿਆ ਸਮਾਇਓ
ਉਹ ਅਕਾਲ ਪੁਰਖ, ਨਾਨਕ, ਅੰਗਦ, ਅਮਰਦਾਸ, ਰਾਮ ਦਾਸ, ਅਰਜਨ ਹੋਇ ਆਇਓ
ਹਰਿ ਗੋਬਿੰਦ, ਹਰਿ ਰਾਇ ਹੈ, ਹਰਿਕ੍ਰਿਸ਼ਨ ਵਿਚ ਜੋਤ ਜਗਾਇਓ
ਤੇਗ ਬਹਾਦਰ ਸੂਰਮਾ ਸੀਸ ਦੇਹ ਜਿਨ ਧਰਮ ਬਚਾਇਓ
ਧੰਨ ਧੰਨ ਗੁਰੂ ਗੋਬਿੰਦ ਸਿੰਘ ਹੈ, ਖਾਲਸਾ ਸਾਜ ਜਿਨ ਰਾਹ ਦਿਖਾਇਓ
ਬਾਲਕ ਰਿਹਾ ਗੁਪਤ ਹੈ, ਰਾਮ ਸਿੰਘ ਪ੍ਰਗਟ ਹੋ ਆਇਓ

(ਪ੍ਰੋ: ਕਿਰਪਾਲ ਸਿੰਘ ਕਸੇਲ ਜੀ)

ਮੇਰੇ ਭਾਈਓ, ਤੁਸੀਂ ਸਾਰੇ ਸਿਆਣੇ ਹੋ, ਤੁਸੀਂ ਪੁਰਾਣੀਆਂ ਸਾਖੀਆਂ ਤਾਂ ਜਾਣਦੇ ਹੀ ਹੋ ਕਿ ਕਿਸ ਤਰ੍ਹਾਂ ਅਕਾਲ ਪੁਰਖ ਅਪਣੇ ਭਗਤਾਂ ਦੀ ਰਖਿਆ ਕਰਦਾ ਹੈ ਅਤੇ ਕਿਸ ਤਰਾਂ ਸਰਨ ਪਰਿਆਂ ਦੀ ਲਾਜ ਰਖਦਾ ਹੈ, ਮੈਂ ਤੁਹਾਨੂੰ ਇਕ ਨਵੀਂ ਅਤੇ ਹਡਬੀਤੀ ਸਾਖੀ ਸੁਣਾਉਂਦਾ ਹਾਂ :-

ਮੈਂ ਮਦੀਹਰ ਪਿੰਡ ਦਾ ਰਹਿਣ ਵਾਲਾ ਹਾਂ, ਮੈਨੂੰ ਪੜ੍ਹਨ ਦਾ ਸ਼ੌਕ ਹੈ। ਮੈਂ ਵਿੱਦਿਆ ਪੜ੍ਹਨ ਲਈ ਸ੍ਰੀ ਅੰਮ੍ਰਿਤਸਰ ਗਿਆ ਸਾਂ। ਉੱਥੇ ਮੈਂ ਇਕ ਬੜੇ ਸਿਆਣੇ ਗਿਆਨੀ ਜੀ ਕੋਲੋਂ ਵਿੱਦਿਆ ਪੜ੍ਹਨੀ ਸ਼ੁਰੂ ਕਰ ਦਿੱਤੀ ਸੀ ਪਹਿਲਾਂ ਮੈਂ ਕਈ ਛੋਟੇ ਛੋਟੇ ਗ੍ਰੰਥ ਪੜ੍ਹੇ ਅਤੇ ਫਿਰ ਮੈਂ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦਾ ਅਰਥਾਂ ਸਹਿਤ ਪਾਠ ਸ਼ੁਰੂ ਕੀਤਾ। ਪੜ੍ਹਦਿਆਂ ਪੜ੍ਹਦਿਆਂ ਮੈਨੂੰ ਇਹ ਗਿਆਨ ਹੋਇਆ ਕਿ ਗੁਰੂ ਬਿਨਾਂ ਨਾ ਤਾਂ ਆਤਮਕ ਸ਼ਾਂਤੀ ਮਿਲਦੀ, ਅਤੇ ਨਾ ਹੀ ਪਰਮਾਤਮਾ ਦੇ ਦਰਸ਼ਨ ਹੁੰਦੇ ਹਨ। ਫਿਰ ਮੈਨੂੰ ਸਤਿਗੁਰੂ ਜੀ ਨੂੰ ਮਿਲਣ ਦੀ ਚਾਹ ਲੱਗੀ, ਬੜਾ ਉਦਾਸ ਰਹਿੰਦਾ ਸਾਂ। ਇਕ ਦਿਨ ਮੈਂ ਅਰਦਾਸ ਕੀਤੀ ਕਿ ਹੇ ਸਮੇਂ ਦੇ ਗੁਰ ਜੀ, ਮੈਂ ਅੰਞਾਣ ਤੇ ਤਰਸ ਕਰਕੇ ਅਪਣੇ ਦਰਸ਼ਨ ਦੀ ਦਾਤ ਬਖਸ਼ੋ ਜੀ, ਉਸੇ ਦਿਨ ਹੀ ਮੈਨੂੰ ਇਨ੍ਹਾਂ ਨੇ ਕਟੜੇ ਹਰੀ ਸਿੰਘ ਵਿਚ ਦਰਸ਼ਨ ਦੇ ਕੇ ਭੈਣੀ ਪਿੰਡ (ਸ੍ਰੀ ਭੈਣੀ ਸਾਹਿਬ) ਆਉਣ ਲਈ ਹੁਕਮ ਕੀਤਾ। ਮੈਂ ਪੜ੍ਹਾਈ ਵਿਚੇ ਹੀ ਛੱਡ ਕੇ ਇਥੇ ਪਹੁੰਚ ਗਿਆ। ਇੱਥੇ ਮੈਨੂੰ ਇਨ੍ਹਾਂ ਦੇ ਸਰੀਰ ਵਿਚੋਂ ਭਗਵਾਨ ਦੇ ਪ੍ਰਤੱਖ ਦਰਸ਼ਨ ਹੋਏ। ਦਰਸ਼ਨ ਕਰ ਕੇ ਐਸਾ ਮੋਹਿਆ ਗਿਆ ਕਿ ਹੋਰ ਥਾਂ ਤੇ ਜਾਣ ਜੋਗਾ ਹੀ ਨ ਰਿਹਾ।

Sri Satguru Jagjit Singh Ji Elibrary NamdhariElibrary@gmail.com

ਮੈਂ ਡੇਰਾ ਹੀ ਇੱਥੇ ਲਾਇਆ ਅਤੇ ਇੱਥੇ ਹੀ ਰਹਿਣ ਲਗ ਪਿਆ ।

ਕੁਝ ਦਿਨਾਂ ਪਿਛੋਂ ਮੈਨੂੰ ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਤੂੰ ਸ੍ਰੀ ਹਜ਼ੂਰ ਸਾਹਿਬ ਜਾ ਅਤੇ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਵਲੋਂ ਸਿੱਖਾਂ ਨੂੰ ਬਖਸ਼ੀ ਹੋਈ ਰਹਿਤ ਮਰਯਾਦਾ ਲਿਖ ਕੇ ਲਿਆ । ਹੁਕਮ ਅਨੁਸਾਰ ਤਿਆਰੀ ਕਰਕੇ, ਸਤਿਗੁਰੂ ਜੀ ਦੇ ਚਰਨਾਂ ਤੇ ਨਮਸਕਾਰ ਕਰਕੇ ਅਤੇ ਸਤਿਗੁਰੂ ਜੀ ਦੀ ਅਸ਼ੀਰਬਾਦ ਲੈ ਕੇ ਜਦੋਂ ਮੈਂ ਟੁਰਨ ਲਗਾ ਤਾਂ ਸਤਿਗੁਰੂ ਜੀ ਨੇ ਮੈਨੂੰ ਸਿੱਖਿਆ ਦਿੱਤੀ ਕਿ ਉੱਥੇ ਨਾ ਤਾਂ ਵਿਆਹ ਕਰਵਾਉਣਾ ਹੈ ਅਤੇ ਨਾ ਹੀ ਉੱਥੋਂ ਕੋਈ ਭੇਟਾ ਲੈਣੀ ਹੈ। ਅਰਦਾਸ ਕਰਕੇ ਮੈਂ ਤੁਰ ਪਿਆ । ਰਾਹ ਵਿਚ ਮੈਨੂੰ ਸ੍ਰੀ ਅਬਚਲ ਨਗਰ ਜਾਣ ਵਾਲਾ ਇਕ ਹੋਰ ਆਦਮੀ ਮਿਲ ਪਿਆ । ਅਸੀਂ ਦੋਵੇਂ ਹੀ ਇਕੱਠੇ ਤੁਰਦੇ ਗਏ । ਗਲਾਂ ਬਾਤਾਂ ਕਰਨ ਤੋਂ ਮੈਂ ਅੰਦਾਜ਼ਾ ਲਾਇਆ ਕਿ ਇਹ ਸਤਸੰਗੀ ਨਹੀਂ ਪਰ ਸਾਥ ਬਣੇ ਹੋਇ ਕਰਕੇ ਅਸੀਂ ਇਕੱਠੇ ਹੀ ਟੁਰਦੇ ਜਾ ਰਹੇ ਸਾਂ । ਜਦੋਂ ਅਸੀਂ ਤਕਰੀਬਨ ਅੱਠ ਸੌ ਕੋਹ ਚਲ ਚੁਕੇ ਸਾਂ ਤਾਂ ਅੱਗੇ ਰਾਹ ਵਿਚ ਬੜਾ ਵਡਾ ਜੰਗਲ ਸੀ । ਇਸ ਜੰਗਲ ਦੇ ਕੋਲ ਕਰਕੇ ਸਾਨੂੰ ਉਸ ਪਾਸੇ ਦਾ ਰਹਿਣ ਵਾਲਾ ਆਦਮੀ ਮਿਲਿਆ । ਉਸ ਨੇ ਸਾਨੂੰ ਕਿਹਾ ਕਿ ਇਸ ਜੰਗਲ ਵਿਚ ਬੜਾ ਭਾਰੀ ਸ਼ੇਰ ਰਹਿੰਦਾ ਹੈ । ਰਾਤ ਪੈਣ ਲਗੀ ਹੈ, ਤੁਸੀਂ ਛੇਤੀ ਛੇਤੀ ਕਿਸੇ ਚੌਂਕੀ ਵਿਚ ਪਹੁੰਚ ਜਾਓ । ਰਾਤ ਨੂੰ ਕਿਸੇ ਚੌਂਕੀ ਵਿਚ ਸੌਣਾ, ਬਾਹਰ ਨਹੀਂ ਕਿਤੇ ਸਉਣਾ । ਫਿਰ ਮੈਂ ਸਾਥੀ ਨੂੰ ਆਖਿਆ ਕਿ ਸਾਨੂੰ ਠੀਕ ਕਿਸੇ ਚੌਂਕੀ ਵਿਚ ਹੀ ਸੌਣਾ ਚਾਹੀਦਾ ਹੈ। ਇੰਨਾ ਸੁਣਦਿਆਂ ਸਾਰ ਹੀ ਮੇਰਾ ਸਾਥੀ ਮੈਨੂੰ ਕਹਿਣ ਲੱਗਾ ਕਿ ਤੂੰ ਤਾਂ ਬੜਾ ਡਰਪੋਕ ਹੈਂ, ਸ਼ੇਰ ਦਾ ਨਾਂ ਹੀ ਸੁਣ ਕੇ ਡਰ ਗਿਆ ਹੈਂ । ਤੂੰ ਤਾਂ ਕੱਛ ਪਾਈ ਹੋਈ ਹੈ, ਕੀ ਕਛਾਂ ਵਾਲੇ ਡਰਾਕਲ ਹੀ ਹੁੰਦੇ ਹਨ । ਮੈਂ ਤੇਰੇ ਨਾਲ ਹਾਂ, ਡਰਦਾ ਕਿਉਂ ਹੈਂ ? ਸਾਥੀ ਦੀ ਇਹ ਗੱਲ ਸੁਣ ਕੇ ਚੁੱਪ ਕਰ ਗਿਆ ਅਤੇ ਇਸ ਤਰਾਂ ਗੱਲਾਂ ਕਰਦਿਆਂ ਹਨੇਰਾ ਹੋ ਗਿਆ ਅਤੇ ਅਸੀਂ ਚੌਂਕੀ ਤੋਂ ਬਾਹਰ ਹੀ ਕਿਤੇ ਚੰਗੀ ਜਗਾਹ ਵੇਖ ਕੇ ਸੌਂ ਗਏ ।

ਖੇਡ ਗੁਰੂ ਦੀ ਕਿ ਸਾਨੂੰ ਸੁੱਤਿਆਂ ਥੋੜਾ ਹੀ ਚਿਰ ਹੋਇਆ ਸੀ ਕਿ ਇਕ ਬੜਾ ਭਿਆਨਕ ਸ਼ੇਰ ਉਸ ਪਾਸੇ ਵਲ ਆ ਨਿਕਲਿਆ । ਉਸ ਨੇ ਆਉਂਦਿਆਂ ਸਾਰ ਹੀ ਮੇਰੇ ਸਾਥੀ ਦੀ ਗਰਦਨ ਫੜ ਲਈ ਅਤੇ ਝਟ ਉਸ ਨੂੰ ਮਾਰ ਦਿੱਤਾ ਅਤੇ ਉਸ ਦਾ ਮਾਸ ਖਾਣ ਲਗ ਪਿਆ । ਮੈਂ ਵੀ ਨੇੜੇ ਹੀ ਲੇਟਿਆ ਹੋਇਆ ਇਹ ਸਭ ਕੁਝ ਵੇਖ ਰਿਹਾ ਸਾਂ । ਨਾ ਭਜ ਕੇ ਕਿਤੇ ਜਾ ਸਕਦਾ ਸਾਂ ਨਾ ਕਿਤੇ ਲੁਕ ਸਕਦਾ ਸਾਂ । ਮਨ ਵਿਚ ਮੌਤ ਦਾ ਡਰ ਸੀ ਅਤੇ ਸਰੀਰ ਸਾਰਾ ਕੰਬ ਰਿਹਾ ਸੀ । ਡਰ ਨਾਲ ਆਹ ਨਿਕਲ ਗਈ ਕਿ ਹੇ ਸਤਿਗੁਰੂ ਰਾਮ ਸਿੰਘ ਜੀ! ਮੇਰੀ ਰਖਿਆ ਕਰੋ ਜੀ । ਸਾਧ ਸੰਗਤ ਜੀ, ਸੱਚ ਜਾਣੋ ਕਿ ਜਦੋਂ ਮੇਰੀ ਆਹ ਨਿਕਲੀ ਸੀ ਤਤ ਛਿਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਚੀਨੀ ਤੇ ਸਵਾਰ ਉੱਥੇ ਪਹੁੰਚ ਗਏ, ਮੇਰੇ ਅਤੇ ਸ਼ੇਰ ਦੇ ਵਿਚਕਾਰ ਘੋੜੀ ਖੜੀ ਕਰਕੇ ਮੈਨੂੰ ਕਿਹਾ, ਕਿ ਰਾਇ ਸਿੰਘ ਤੂੰ ਡਰਦਾ ਕਿਉਂ ਹੈਂ, ਤੇਰੇ ਰਾਖੇ ਤਾਂ ਗੁਰੂ ਆਪ ਹਨ । ਤੂੰ ਉੱਠ ਅਤੇ ਮੇਰੇ ਦੇਖਦਿਆਂ ਦੇਖਦਿਆਂ ਸਿਪਾਹੀਆਂ ਦੀ ਚੌਂਕੀ ਤੇ ਪਹੁੰਚ ਜਾ । ਸਤਿਗੁਰੂ ਜੀ ਦੇ ਦਰਸ਼ਨ ਕਰਦਿਆਂ ਸਾਰ ਮੇਰੇ ਮੁਰਦੇ ਸਰੀਰ ਵਿਚ ਜਾਣ ਪੈ ਗਈ, ਝਟ ਉਠ ਕੇ ਸਤਿਗੁਰੂ ਜੀ ਦੇ ਚਰਨਾਂ ਤੇ ਨਮਕਾਰ ਕੀਤੀ

ਅਤੇ ਅਪਣਾ ਬੁਚਕਾ ਅਤੇ ਅਪਣਾ ਗੜਵਾ ਚੁੱਕ ਕੇ ਨੇੜੇ ਦੀ ਚੌਂਕੀ ਤੇ ਪਹੁੰਚ ਗਿਆ। ਪਤਾ ਨਹੀਂ ਕਿ ਸਤਿਗੁਰੂ ਜੀ ਕਿਸ ਤਰਾਂ ਆਏ ਸਨ ਅਤੇ ਕਿਸ ਤਰ੍ਹਾਂ ਵਾਪਸ ਗਏ ਸਨ ?

ਭਾਈ ਜੀ ਦੀ ਸਾਖੀ ਸੁਣਾਦਿਆਂ ਵਿਚ ਹੀ ਇਕ ਸਿੱਖ ਬੋਲ ਉਠਿਆ ਕਿ ਸਾਧ ਸੰਗਤ ਜੀ ਮੇਰੀ ਵੀ ਇਕ ਅਰਜ਼ ਸੁਣ ਲਓ। ਤਾਰੀਕ ਤਾਂ ਮੈਨੂੰ ਯਾਦ ਨਹੀਂ ਪਰ ਤਿੰਨ ਚਾਰ ਮਹੀਨੇ ਹੋ ਗਏ ਹਨ ਕਿ ਇਕ ਰਾਤ ਨੂੰ ਚੀਨੀ ਘੋੜੀ ਬੜੀ ਹਫਦੀ ਰਹੀ ਸੀ, ਚੀਨੀ ਦੇ ਸਰੀਰ ਤੋਂ ਮੁੜਕੇ ਦਾ ਪਾਣੀ ਇੰਨਾ ਬਹਿ ਰਿਹਾ ਸੀ ਕਿ ਜਿਵੇਂ ਘੋੜੀ ਨੂੰ ਕਿਸੇ ਬਹੁਤ ਦੌੜਾਇਆ ਹੋਵੇ।

ਇਹ ਸੁਣਦਿਆਂ ਸਾਰ ਹੀ ਇਕ ਹੋਰ ਸਿੱਖ ਬੋਲ ਉਠਿਆ, "ਆਹੋ, ਆਹੋ, ਮੈਨੂੰ ਵੀ ਯਾਦ ਆ ਗਿਆ ਹੈ ਕਿ ਇਕ ਰਾਤ ਚੀਨੀ ਘੋੜੀ ਬੜੀ ਹਫਦੀ ਰਹੀ ਸੀ, ਮੁੜਕੇ ਦਾ ਪਾਣੀ ਇੰਨਾ ਬਹਿੰਦਾ ਸੀ ਜਿਵੇਂ ਘੋੜੀ ਨੂੰ ਕਿਸੇ ਹੁਣੇ ਹੀ ਨਹਾਇਆ ਹੋਵੇ। ਅਗਲੀ ਸਵੇਰ ਜਦੋਂ ਅਸਾਂ ਸਤਿਗੁਰੂ ਜੀ ਅੱਗੇ ਚੀਨੀ ਘੋੜੀ ਬਾਰੇ ਅਰਜ਼ ਕੀਤੀ ਸੀ ਤਾਂ ਸਤਿਗੁਰੂ ਜੀ ਨੇ ਫੁਰਮਾਇਆ ਸੀ ਕਿ "ਭਾਈ ਤੁਸੀਂ ਹਾਲੀ ਚੁਪ ਰਹੋ, ਜਦੋਂ ਰਾਇ ਸਿੰਘ ਵਾਪਸ ਆਵੇਗਾ, ਉਹ ਆਪ ਹੀ ਤੁਹਾਨੂੰ ਸਾਰੀ ਵਾਰਤਾ ਸੁਣਾ ਦੇਵੇਗਾ"

ਫਿਰ ਰਾਇ ਸਿੰਘ ਜੀ ਨੇ ਕਿਹਾ ਕਿ ਮੇਰੇ ਭਰਾਵੋ ਮੈਂ ਕੋਈ ਝੂਠ ਨਹੀਂ ਬੋਲ ਰਿਹਾ। ਮੇਰੇ ਨਾਲ ਜੋ ਬੀਤੀ ਹੈ ਉਹ ਹੀ ਤੁਹਾਨੂੰ ਸੁਣਾਈ ਹੈ। ਹੁਣ ਹੋਰ ਸੁਣੋ। ਜਦੋਂ ਮੈਂ ਸ੍ਰੀ ਹਜ਼ੂਰ ਸਾਹਿਬ ਦੇ ਦਰਸ਼ਨ ਕਰਕੇ ਵਾਪਸ ਆ ਰਿਹਾ ਸਾਂ ਤਾਂ ਮੇਰੇ ਕੋਲੋਂ ਖਰਚਾ ਉੱਕਾ ਹੀ ਮੁੱਕ ਗਿਆ ਸੀ, ਇੱਕ ਪੈਸਾ ਵੀ ਕੋਲ ਨਹੀਂ ਸੀ ਰਿਹਾ। ਰਾਹ ਵਿਚ ਨਾ ਕੋਈ ਜਾਣੂ ਸੀ ਅਤੇ ਨਾ ਕੋਈ ਪਛਾਣੂੰ ਸੀ, ਕਿਸੇ ਕੋਲੋਂ ਮੰਗਣ ਤੇ ਵੀ ਦਿਲ ਨਹੀਂ ਸੀ ਕਰਦਾ। ਬਾਰਾਂ ਪਹਿਰ ਭੁੱਖਾ ਰਿਹਾ ਸਾਂ, ਰਾਹ ਵਿਚ ਦਰਖਤਾਂ ਦੇ ਡਿੱਗੇ ਹੋਏ ਪੱਤੇ ਖਾਦੇ ਸਨ। ਫਿਰ ਤਰੇਹ ਬੜੀ ਲੱਗੀ, ਸਬੱਬ ਨਾਲ ਨੇੜੇ ਹੀ ਖੂਹ ਦਿੱਸ ਪਿਆ। ਜਦੋਂ ਮੈਂ ਕੋਲ ਜਾ ਕੇ ਵੇਖਿਆ ਤਾਂ ਉੱਥੇ ਖੂਹ ਨਹੀਂ ਸੀ, ਬਾਉਲੀ ਸੀ। ਉੱਥੇ ਪੰਜ ਇਸ਼ਨਾਨਾ ਕੀਤਾ ਅਤੇ ਜਲ ਛਕ ਕੇ ਟੁਰਨ ਹੀ ਲੱਗਾ ਸਾਂ ਕਿ ਮੇਰੀ ਨਜ਼ਰ ਬਾਉਲੀ ਦੇ ਦੂਜੇ ਪਾਸੇ ਕੰਢੇ ਤੇ ਹੀ ਪਈ ਹੋਈ ਇਕ ਥੈਲੀ ਤੇ ਪਈ। ਮੈਂ ਖਿਆਲ ਕੀਤਾ ਕਿ ਸ਼ਾਇਦ ਕੋਈ ਭੁੱਲ ਗਿਆ ਹੋਵੇਗਾ। ਪਹਿਲਾਂ ਤਾਂ ਮੈਂ ਚੁੱਕਣੀ ਮੁਨਾਸਬ ਨਾ ਸਮਝਿਆ ਫਿਰ ਇਸ ਖਿਆਲ ਨਾਲ ਫੜ ਲਈ ਕਿ ਜਿਸ ਦੀ ਹੋਵੇਗੀ ਉਸ ਨੂੰ ਦੇ ਦਿਆਂਗਾ। ਮੈਂ ਥੈਲੀ ਹੱਥ ਵਿਚ ਲਟਕਾ ਕੇ ਤੁਰ ਪਿਆ ਅਤੇ ਰਾਹ ਵਿਚ ਮਿਲਦੇ ਹਰ ਰਾਹੀ ਨੂੰ ਪੁੱਛਦਾ ਰਿਹਾ ਕਿ ਇਹ ਥੈਲੀ ਉਸ ਦੀ ਤੇ ਨਹੀਂ ਜੇ ਉਸ ਦੀ ਹੈ ਤਾਂ ਲੈ ਲਵੇ। ਮੈਂ ਚੋਖੀ ਦੂਰ ਤਕ ਪੁੱਛਦਾ ਰਿਹਾ ਪਰ ਉਸ ਦਾ ਕੋਈ ਵੀ ਮਾਲਕ ਨਾ ਬਣਿਆ। ਹੁਣ ਮੈਨੂੰ ਚਿੰਤਾ ਲੱਗ ਗਈ ਸੀ ਕਿ ਇਹ

ਪਰਾਇਆ ਧਨ ਹੈ, ਮੈਂ ਕਿਸ ਨੂੰ ਦੇਵਾਂ ? ਮੈਂ ਗਹਿਰੀ ਸੋਚ ਵਿਚ ਹੀ ਸਾਂ ਕਿ ਸਤਿਗੁਰੂ ਜੀ ਨੇ

ਤਬ ਗੁਰ ਮੋਹਿ ਦੀਓ ਗਯਾਨ

ਭਾਈ, ਤੂੰ ਜੋ ਖਰਚੇ ਵਾਸਤੇ ਸੋਚਦਾ ਸੈਂ, ਮੈਂ ਹੀ ਤੇਰੇ ਖਰਚੇ ਵਾਸਤੇ ਇਹ ਥੈਲੀ ਬਉਲੀ ਦੇ ਕੰਢੇ ਰਖੀ ਸੀ, ਤੂੰ ਨਿਸ਼ੰਗ ਹੋ ਕੇ ਵਰਤ।

ਸਾਧ ਸੰਗਤ ਜੀ ਫਿਰ ਮੈਂ ਨਿਚਿੰਤ ਹੋ ਗਿਆ, ਥੈਲੀ ਵਿਚੋਂ ਕੁਝ ਰੁਪੈ ਕਢੇ ਅਤੇ ਵਰਤੇ ਬਾਕੀ ਦੀ ਰਕਮ ਇਸ ਥੈਲੀ ਵਿਚ ਹੀ ਹੈ।

ਸਾਰੀ ਸਾਧ ਸੰਗਤ ਨੇ ਵਾਰੀ ਵਾਰੀ ਉਸ ਹੈਰਾਨ ਕਰ ਦੇਣ ਵਾਲੀ ਥੈਲੀ ਦੇ ਦਰਸ਼ਨ ਕੀਤੇ। ਸਭ ਦੇ ਮੂਹੋਂ ਇਹ ਹੀ ਆਵਾਜ਼ ਆ ਰਹੀ ਸੀ

**ਧੰਨ ਸਤਿਗੁਰੂ ਰਾਮ ਸਿੰਘ ਜੀ**